Space for Available for Advertising

WWW.PREETNEWS.COM
WWW.PREETNAMA.COM

preetnamausa
@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 368, 28 ਅਗਸਤ ਤੋਂ 03 ਸਤੰਬਰ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਨੇਪਾਲ-ਤਿੱਬਤ ਬਾਰਡਰ ’ਤੇ ਆਇਆ ਹੜ੍ਹ ਕਿਵੇਂ ਪੂਰਾ ਬਾਜ਼ਾਰ ਵਹਾ ਲੈ ਗਿਆ, 160 ਤੋਂ ਵੱਧ ਲੋਕਾਂ ਦੀ ਮੌਤ ਅਤੇ ਸੈਂਕੜੇ ਸੈਲਾਨੀ ਲਾਪਤਾ



## ਹੜ੍ਹ ਨਾਲ ਕਈ ਅਰਬ ਰੁਪਏ ਦਾ ਨੁਕਸਾਨ, ਕਈ ਪੁਲ ਅਤੇ ਸੜਕ ਤਬਾਹ

ਨੇਪਾਲ ਵਿੱਚ ਬੁੱਧਵਾਰ ਨੂੰ ਆਏ ਭਿਆਨਕ ਹੜ੍ਹ ਨਾਲ ਸੜਕਾਂ ਅਤੇ ਪੁਲਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਸ਼ੁਰੂਆਤੀ ਅੰਦਾਜ਼ੇ ਮੁਤਾਬਕ ਹੜ੍ਹ ਨਾਲ 15 ਅਰਬ ਨੇਪਾਲੀ ਰੁਪਏ ਦਾ ਨੁਕਸਾਨ ਹੋਇਆ ਹੈ। ਸੜਕ ਵਿਭਾਗ ਦੇ ਡਾਇਰੈਕਟਰ ਜਨਰਲ ਵਿਜੇ ਜੈਸੀ ਨੇ ਬੀਬੀਸੀ ਨੇਪਾਲੀ ਕੋਲ ਇਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਹੜ੍ਹ ਕਾਰਨ ਹੁਣ ਤੱਕ 9 ਪੁਲ ਅਤੇ 40 ਕਿੱਲੋਮੀਟਰ ਸੜਕ ਨੁਕਸਾਨੀ ਜਾ ਚੁੱਕੀ ਹੈ। ਉਨ੍ਹਾਂ ਮੁਤਾਬਕ, ਨੁਕਸਾਨ ਦਾ ਅੰਦਾਜ਼ਾ ਹਾਲੇ ਸ਼ੁਰੂਆਤੀ ਦੌਰ ਵਿੱਚ ਹੈ ਪਰ ਇਸ ਦੇ ਵਧਣ ਦਾ ਖ਼ਦਸ਼ਾ ਹੈ। ਪੁਲਾਂ ਦਾ ਨੁਕਸਾਨ ਹੋਣ ਕਰਕੇ ਕਈ ਇਲਾਕਿਆਂ ਵਿੱਚ ਸੜਕੀ ਸੰਪਰਕ ਪ੍ਰਭਾਵਿਤ ਹੋਇਆ ਹੈ। ਸੰਪਰਕ ਬਹਾਲ ਕਰਨ ਲਈ ਪ੍ਰਭਾਵਿਤ ਥਾਂਵਾਂ ’ਤੇ ਬੇਲੀ ਬ੍ਰਿਜ(ਇਕ ਕਿਸਮ ਦੇ ਪੋਰਟੇਬਲ ਪੁਲ) ਲਗਾਉਣ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਵਿਜੇ ਜੈਸੀ ਨੇ ਦੱਸਿਆ ਕਿ ਨੇਪਾਲ ਦੇ ਕੋਲ ਬੇਲੀ ਬ੍ਰਿਜ ਉਪਲਬਧ ਹਨ। ਇਸ ਤੋਂ ਇਲਾਵਾ ਭਾਰਤ ਅਤੇ ਚੀਨ ਤੋਂ ਵੀ ਇਨ੍ਹਾਂ ਨੂੰ ਉਪਲਬਧ ਕਰਾਉਣ ਦੀ ਅਪੀਲ ਕੀਤੀ ਗਈ ਹੈ। ਸੜਕ ਵਿਭਾਗ ਮੁਤਾਬਕ, ਸਿਯਾਬ੍ਰੁਬੇਸੀ ਅਤੇ ਰਸੁਵਾਗੜ੍ਹੀ ਵਿਚਕਾਰ ਸੜਕ ਸੰਪਰਕ ਪੂਰੀ ਤਰ੍ਹਾਂ ਟੁੱਟ ਗਿਆ ਹੈ। ਪਿਛਲੇ ਸਾਲ ਆਏ ਹੜ੍ਹਾਂ ਬਾਅਦ ਚੀਨ ਦੀ ਮਦਦ ਨਾਲ ਇਸ ਸੜਕ ਦਾ ਪੁਨਰ ਨਿਰਮਾਣ ਕਰਾਇਆ ਜਾ ਰਿਹਾ ਸੀ। ਹਾਲਾਂਕਿ ਇੱਕ ਵਾਰ ਫਿਰ ਹੜ੍ਹ ਦੀ ਲਪੇਟ ਵਿੱਚ ਆਉਣ ਨਾਲ ਆਵਾਜਾਈ ਵਿਚ ਰੁਕਾਵਟ ਆ ਗਈ ਹੈ। ਉਧਰ, ਗਾਲਛੀ-ਬੈਰੇਨੀ ਸੜਕ ਦਾ ਹਿੱਸਾ ਵੀ ਹੜ੍ਹ ਕਾਰਨ ਬੰਦ ਹੈ। ਅਧਿਕਾਰੀਆਂ ਮੁਤਾਬਕ, ਸੜਕ ’ਤੇ ਜਮ ?ਹਾ ਮਲਬਾ ਹਟਾਉਣ ਅਤੇ ਆਵਾਜਾਈ ਬਹਾਲ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ।

ਨੇਪਾਲ ਵਿੱਚ ਭੋਟੇਕੋਸ਼ੀ ਨਦੀ ਵਿੱਚ ਬੁੱਧਵਾਰ ਨੂੰ ਅਚਾਨਕ ਆਏ ਹੜ੍ਹ ਕਾਰਨ ਤਿੰਨ ਜ਼ਿਲ੍ਹਿਆਂ ਵਿੱਚ ਭਾਰੀ ਤਬਾਹੀ ਹੋਈ ਹੈ। ਰਿਪੋਰਟ ਮੁਤਾਬਕ ਇਸ ਵਿੱਚ ਘੱਟੋ-ਘੱਟ 162 ਲੋਕਾਂ ਦੀ ਮੌਤ ਹੋ ਗਈ, ਜਦਕਿ ਸੁਰੱਖਿਆ ਬਲਾਂ ਦੇ ਜਵਾਨਾਂ ਅਤੇ ਵਿਦੇਸ਼ੀ ਸੈਲਾਨੀਆਂ ਸਮੇਤ ਵੱਡੀ ਗਿਣਤੀ ਵਿੱਚ ਲੋਕ ਲਾਪਤਾ ਹਨ। ਇਸ ਆਫ਼ਤ ਵਿੱਚ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ ਹੈ। ਇਹ ਹਾਲ ਦੇ ਸਾਲਾਂ ਵਿੱਚ ਨੇਪਾਲ ਵਿੱਚ ਆਈਆਂ ਸਭ ਤੋਂ ਭਿਆਨਕ ਆਫ਼ਤਾਂ ਵਿੱਚੋਂ ਇੱਕ ਹੈ। ਨੇਪਾਲੀ ਪੁਲਿਸ ਮੁਤਾਬਕ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 162 ਹੋ ਗਈ ਹੈ। ਪੁਲਿਸ ਨੇ ਜਾਰੀ ਕੀਤੇ ਇੱਕ ਬਿਆਨ ਵਿੱਚ ਕਿਹਾ ਕਿ ਮਰਨ ਵਾਲਿਆਂ ਵਿੱਚੋਂ 64 ਲਾਸ਼ਾਂ ਚਿਤਵਨ ਜ਼ਿਲ੍ਹੇ ਦੇ ਹੇਠਲੇ ਇਲਾਕਿਆਂ ਤੋਂ ਮਿਲੀਆਂ ਹਨ, ਜਦਕਿ ਹੋਰ 26 ਲਾਸ਼ਾਂ ਨਵਲਪਰਾਸੀ ਈਸਟ ਵਿੱਚੋਂ ਮਿਲੀਆਂ ਹਨ। ਬਿਆਨ ਵਿੱਚ ਕਿਹਾ ਗਿਆ ਹੈ ਕਿ ਅਜੇ ਵੀ ਲਾਪਤਾ ਸੈਂਕੜੇ ਲੋਕਾਂ ਵਿੱਚ 28 ਪੁਲਿਸ ਅਧਿਕਾਰੀ ਵੀ ਸ਼ਾਮਲ ਹਨ। ਜੰਗਲੀ ਸਫਾਰੀ ਲਈ ਮਸ਼ਹੂਰ ਸੈਰ-ਸਪਾਟਾ ਕੇਂਦਰ ਚਿਤਵਨ ਉਨ੍ਹਾਂ ਕਈ ਨਗਰਪਾਲਿਕਾਵਾਂ ਵਿੱਚੋਂ ਇੱਕ ਹੈ, ਜਿਨ੍ਹਾਂ ਨੂੰ ਹੜ੍ਹ ਦਾ ਪਾਣੀ ਵਧਣ ਦੇ ਮੱਦੇਨਜ਼ਰ ਹਾਈ ਅਲਰਟ ’ਤੇ ਰੱਖਿਆ ਗਿਆ ਹੈ।

**ਕਿੰਨੇ ਲੋਕਾਂ ਦੇ ਲਾਪਤਾ ਹੋਣ ਦੀ ਜਾਣਕਾਰੀ**

ਹੜ੍ਹ ਉਸ ਵੇਲੇ ਆਏ ਜਦੋਂ ਬਰਫ਼ ਖਿਸਕਣ ਨੇ ਭੋਟੇਕੋਸ਼ੀ ਨਦੀ ਦੀ ਸਹਾਇਕ ਨਦੀ ਲਹੇਂਦੇ ਦਾ ਵਹਾਅ ਰੋਕ ਦਿੱਤਾ। ਇਸ ਤੋਂ ਬਾਅਦ ਹੜ੍ਹ ਸਭ ਤੋਂ ਪਹਿਲਾਂ ਚੀਨ ਦੀ ਸਰਹੱਦ ਕੋਲ ਰਸੂਵਾਗੜ੍ਹੀ ਦੇ ਨੇੜੇ ਤਿਮੁਰੇ ਪਹੁੰਚਿਆ। ਸੈਂਕੜੇ ਲੋਕਾਂ ਦੀ ਅਬਾਦੀ ਵਾਲੇ ਇਸ ਇਲਾਕੇ ਦਾ ਵੱਡਾ ਹਿੱਸਾ ਵਹਿ ਗਿਆ ਅਤੇ ਇਸ ਤੋਂ ਬਾਅਦ ਹੜ੍ਹ ਦਾ ਪਾਣੀ ਤੇਜ਼ੀ ਨਾਲ ਥੱਲੇ ਵੱਲ ਵਧਿਆ। ਇਲਾਕੇ ਵਿੱਚ ਬਾਰਿਸ਼ ਦੀ ਕੋਈ ਜਾਣਕਾਰੀ ਨਹੀਂ ਸੀ, ਇਸ ਲਈ ਲੋਕਾਂ ਨੂੰ ਇਸ ਆਫ਼ਤ ਦੀ ਕੋਈ ਚੇਤਾਵਨੀ ਨਹੀਂ ਮਿਲੀ। ਹੜ੍ਹ ਆਉਣ ਵੇਲੇ ਲੋਕ ਰੋਜ਼ਾਨਾ ਦੇ ਕੰਮਾਂ ਵਿੱਚ ਰੁੱਝੇ ਸੀ।ਨੈਸ਼ਨਲ ਡਿਜਾਸਟਰ ਰਿਸਕ ਰਿਡਕਸ਼ਨ ਐਂਡ ਮੈਨੇਜਮੈਂਟ ਅਥਾਰਟੀ ਨੇ ਦੱਸਿਆ ਹੈ ਕਿ ਰਸੂਵਾ ਵਿੱਚ ਭੋਟੇਕੋਸ਼ੀ-ਤ੍ਰਿਸ਼ੂਲੀ ਹੜ੍ਹਾਂ ਕਾਰਨ 800 ਤੋਂ ਵੱਧ ਲੋਕ ਲਾਪਤਾ ਹਨ।ਅਥਾਰਟੀ ਮੁਤਾਬਕ ਸੁਰੱਖਿਆ ਬਲਾਂ, ਸੈਲਾਨੀਆਂ ਅਤੇ ਆਮ ਲੋਕਾਂ ਸਮੇਤ 826 ਲੋਕਾਂ ਨਾਲ ਸੰਪਰਕ ਨਹੀਂ ਹੋ ਸਕਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਵਿੱਚ ਸੈਲਾਨੀਆਂ ਦੀ ਗਿਣਤੀ 529 ਤੋਂ ਵੱਧ ਹੈ। ਨੇਪਾਲੀ ਫੌਜ ਨੇ ਦੱਸਿਆ ਹੈ ਕਿ ਰਸੂਵਾ ਦੇ ਹਾਕੂ ਵਿੱਚ ਇੱਕ ਪਣਬਿਜਲੀ ਪ੍ਰਾਜੈਕਟ ਦੀ ਸੁਰੰਗ ਵਿੱਚ ਫਸੇ ਸੱਤ ਲੋਕਾਂ ਨੂੰ ਜਿਉਂਦਾ ਬਚਾ ਲਿਆ ਗਿਆ ਹੈ। ਇਸ ਦੇ ਇਲਾਵਾ ਨੇਪਾਲੀ ਫੌਜ ਨੇ ਦੱਸਿਆ ਹੈ ਕਿ ਤਿੰਨ ਹੋਰ ਸੁਰੰਗਾਂ ਵਿੱਚ ਫਸੇ ਲੋਕਾਂ ਨੂੰ ਬਚਾਉਣ ਲਈ ਕੋਸ਼ਿਸ਼ਾਂ ਜਾਰੀ ਹਨ। ਫੌਜ ਮੁਤਾਬਕ ਰਸੂਵਾ ਦੇ ਤਿਮੁਰੇ ਇਲਾਕੇ ਵਿੱਚੋਂ 95 ਲੋਕਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ।

ਬਚਾਏ ਗਏ ਲੋਕਾਂ ਵਿੱਚ 21 ਭਾਰਤੀ ਸੈਲਾਨੀ ਵੀ ਸ਼ਾਮਲ ਹਨ, ਜਿਨ੍ਹਾਂ ਨਾਲ ਕੱਲ੍ਹ ਤਿਮੁਰੇ ਇਲਾਕੇ ਤੋਂ ਸੰਪਰਕ ਟੁੱਟ ਗਿਆ ਸੀ।ਇਸ ਤੋਂ ਪਹਿਲਾਂ ਨੇਪਾਲ ਦੇ ਵਿਦੇਸ਼ ਮੰਤਰੀ ਸ਼ਿਸ਼ਿਰ ਖਨਾਲ ਨੇ ਬੁੱਧਵਾਰ ਨੂੰ ਪ੍ਰਤਿਨਿਧੀ ਸਭਾ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਰਸੂਵਾ ਵਿੱਚ ਆਫ਼ਤ ਦੀ ਸਥਿਤੀ ਭੂਚਾਲ ਦੇ ਨਾਲ ਬਰਫ਼ ਦੀਆਂ ਢਿੱਗਾਂ ਡਿੱਗਣ ਕਾਰਨ ਪੈਦਾ ਹੋਈ ਸੀ ਅਤੇ ਇਸ ਦੀ ਅੱਗੇ ਦੀ ਪੁਸ਼ਟੀ ਕੀਤੀ ਜਾ ਰਹੀ ਹੈ। ਨੇਪਾਲ ਟੂਰਿਜ਼ਮ ਬੋਰਡ ਦੇ ਮੁਤਾਬਕ, ਜਿਨ੍ਹਾਂ ਸੈਲਾਨੀਆਂ ਨਾਲ ਸੰਪਰਕ ਨਹੀਂ ਹੋ ਸਕਿਆ, ਉਨ੍ਹਾਂ ਵਿੱਚ ਸਭ ਤੋਂ ਵੱਧ ਗਿਣਤੀ ਭਾਰਤ ਦੀ ਹੈ ਅਤੇ 100 ਤੋਂ ਵੱਧ ਭਾਰਤੀ ਇਸ ਵਿੱਚ ਸ਼ਾਮਲ ਹਨ। ਉੱਤਰੀ ਨੇਪਾਲ ਦੇ ਕੁਝ ਹਿੱਸਿਆਂ ਵਿੱਚ ਆਏ ਭਿਆਨਕ ਹੜ੍ਹ ਤੋਂ ਬਾਅਦ ਜਾਨ-ਮਾਲ ਦੇ ਭਾਰੀ ਨੁਕਸਾਨ ਦਾ ਖਦਸ਼ਾ ਜਤਾਈ ਜਾ ਰਿਹਾ ਹੈ। ਹੜ੍ਹ ਵਿੱਚ ਕਈ ਪਿੰਡ ਵਹਿ ਗਏ ਹਨ ਅਤੇ ਇੱਕ ਪਨਬਿਜਲੀ ਡੈਮ ਸਮੇਤ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ ਹੈ। ਬੁੱਧਵਾਰ ਸਵੇਰੇ ਤੜਕੇ ਰਾਜਧਾਨੀ ਕਾਠਮੰਡੂ ਦੇ ਉੱਤਰ ਵਿੱਚ ਸਥਿਤ ਰਸੁਵਾ ਖੇਤਰ ਵਿੱਚ ਹੜ੍ਹ ਆਇਆ ਸੀ। ਇਹ ਖੇਤਰ ਤਿੱਬਤ ਨਾਲ ਲੱਗਦਾ ਹੈ ਅਤੇ ਚੀਨ ਨਾਲ ਨੇਪਾਲ ਦੇ ਮੁੱਖ ਵਪਾਰਕ ਮਾਰਗ ’ਤੇ ਪੈਂਦਾ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਹੜ੍ਹ ਤਿੱਬਤ ਤੋਂ ਨੇਪਾਲ ਵੱਲ ਵਹਿਣ ਵਾਲੀ ਭੋਟੇ ਕੋਸ਼ੀ ਨਦੀ ਵਿੱਚ ਬਰਫ਼ ਪਿਘਲਣ ਕਾਰਨ ਆਇਆ ਸੀ। ਇਸ ਦੇ ਨਾਲ ਹੀ ਤ੍ਰਿਸ਼ੂਲੀ ਨਦੀ ਵਿੱਚ ਵੀ ਹੜ੍ਹ ਆ ਗਿਆ ਹੈ। ਦਰਿਆ ਦੇ ਹੇਠਲੇ ਇਲਾਕਿਆਂ ਵਿੱਚ ਸਥਿਤ ਕਈ ਜ਼ਿਲ੍ਹਿਆਂ ਵਿੱਚ ਹਾਈ ਅਲਰਟ ਜਾਰੀ ਕੀਤਾ ਗਿਆ ਹੈ। ਰਸੁਵਾ ਦੇ ਮੁੱਖ ਜ਼ਿਲ੍ਹਾ ਅਧਿਕਾਰੀ ਨਰਿੰਦਰ ਪਰਿਆਰ ਨੇ ਬੀਬੀਸੀ ਨਿਊਜ਼ ਨੇਪਾਲੀ ਨੂੰ ਦੱਸਿਆ ਕਿ ਅਧਿਕਾਰੀਆਂ ਨੂੰ ਭਾਰੀ ਨੁਕਸਾਨ ਦਾ ਖਦਸ਼ਾ ਹੈ। ਫਿਲਹਾਲ ਨੁਕਸਾਨ ਦੇ ਪੈਮਾਨੇ ਦਾ ਸਹੀ ਅੰਦਾਜ਼ਾ ਲਗਾਉਣਾ ਜਲਦਬਾਜ਼ੀ ਹੋਵੇਗੀ।

**ਕਈ ਲੋਕਾਂ ਨੂੰ ਬਚਾਇਆ ਗਿਆ**

ਬੁੱਧਵਾਰ ਦੱਸਿਆ ਗਿਆ ਸੀ ਕਿ ਰਾਹਤ ਅਤੇ ਬਚਾਅ ਮੁਹਿੰਮ ਦੌਰਾਨ ਹੁਣ ਤੱਕ 12 ਲੋਕਾਂ ਨੂੰ ਬਚਾਇਆ ਜਾ ਚੁੱਕਿਆ ਹੈ। ਬੁੱਧਵਾਰ ਨੂੰ ਸਸ਼ਸਤ੍ਰ ਪੁਲਿਸ ਬਲ ਨੇ ਕਿਹਾ ਸੀ ਕਿ ਉਸ ਦੇ 13 ਸੁਰੱਖਿਆ ਮੁਲਾਜ਼ਮਾਂ ਦੇ ਲਾਪਤਾ ਹੋਣ ਤੋਂ ਬਾਅਦ ਖੋਜ ਅਤੇ ਬਚਾਅ ਕਾਰਜ ਸ਼ੁਰੂ ਕੀਤਾ ਗਿਆ। ਸਸ਼ਸਤ੍ਰ ਪੁਲਿਸ ਬਲ ਦੇ ਉਪ-ਬੁਲਾਰੇ ਸ਼ੈਲੇਂਦਰ ਥਾਪਾ ਨੇ ਕਿਹਾ ਕਿ ਰਸੁਵਾ ਦੇ ਮੈਲੁੰਗ ਤੋਂ ਚਾਰ ਅਤੇ ਤਿਮੁਰੇ ਤੋਂ ਨੌਂ ਲੋਕ ਲਾਪਤਾ ਹਨ। ਉਨ੍ਹਾਂ ਕਿਹਾ ਸੀ, ÷ਅਸੀਂ ਬਲੰਬੂ ਵਿੱਚ ਸਥਿਤ 100 ਬਿਸਤਰਿਆਂ ਵਾਲੇ ਹਸਪਤਾਲ ਨੂੰ ਤਿਆਰ ਰੱਖਿਆ ਹੋਇਆ ਹੈ ਰਾਸ਼ਟਰਪਤੀ ਰਾਮ ਚੰਦਰ ਪੌਡੇਲ ਨੇ ਕਿਹਾ ਹੈ ਕਿ ਰਸੁਵਾ ਅਤੇ ਨੁਵਾਕੋਟ ਰਾਹੀਂ ਵਹਿਣ ਵਾਲੀਆਂ ਭੋਟੇਕੋਸ਼ੀ ਅਤੇ ਤ੍ਰਿਸ਼ੂਲੀ ਨਦੀਆਂ ਵਿੱਚ ਆਏ ਹੜ੍ਹ ਕਾਰਨ ਹੋਏ ਨੁਕਸਾਨ ਦੀ ਖ਼ਬਰ ਸੁਣ ਕੇ ਉਨ੍ਹਾਂ ਨੂੰ ਡੂੰਘਾ ਦੁੱਖ ਹੋਇਆ ਹੈ। ਕਾਠਮੰਡੂ ਵਿੱਚ ਰਹਿਣ ਵਾਲੇ ਚੀਨੀ ਕਾਰੋਬਾਰੀ ਯੀ ਲਿਆਂਗ ਨੇ ਬੀਬੀਸੀ ਨੂੰ ਦੱਸਿਆ, ਸਾਡੀ ਲੌਜਿਸਟਿਕਸ ਕੰਪਨੀ ਦੇ ਸੱਤ ਕੰਟੇਨਰ ਟਰੱਕ ਉੱਥੇ ਮੌਜੂਦ ਹਨ, ਜਿਨ੍ਹਾਂ ਵਿੱਚ ਸਾਰੇ ਨੇਪਾਲੀ ਕਰਮਚਾਰੀ ਕੰਮ ਕਰਦੇ ਹਨ। ਸਾਡਾ ਉਨ੍ਹਾਂ ਸਭ ਨਾਲ ਸੰਪਰਕ ਟੁੱਟ ਗਿਆ ਹੈ। ਉੱਥੇ ਸਿਗਨਲ ਨਹੀਂ ਹੈ, ਇਸ ਲਈ ਅਸੀਂ ਕਿਸੇ ਨਾਲ ਵੀ ਗੱਲ ਨਹੀਂ ਕਰ ਸਕ ਰਹੇ ਹਾਂ। ਜੱਥੋਂ ਤੱਕ ਮੈਨੂੰ ਪਤਾ ਹੈ, ਕੋਈ ਚੇਤਾਵਨੀ ਨਹੀਂ ਦਿੱਤੀ ਗਈ ਸੀ। ਕਦੇ-ਕਦਾਈਂ ਢਿੱਗਾਂ ਡਿੱਗਣ ਅਤੇ ਮਿੱਟੀ ਖਿਸਕਣ ਦੀਆਂ ਘਟਨਾਵਾਂ ਹੁੰਦੀਆਂ ਸਨ, ਖਾਸ ਕਰਕੇ ਮੀਂਹ ਦੇ ਮੌਸਮ ਵਿੱਚ, ਪਰ ਇਹ ਘਟਨਾ ਕਾਫ਼ੀ ਜ਼ਿਆਦਾ ਗੰਭੀਰ ਲੱਗਦੀ ਹੈ। ਨੇਪਾਲ ਦੇ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਸੰਵੇਦਨਸ਼ੀਲ ਖੇਤਰਾਂ ਵਿੱਚ ਦਰਿਆ ਦੇ ਕੰਢਿਆਂ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਸੁਚੇਤ ਰਹਿਣ ਅਤੇ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ। ਸਥਿਤੀ ਦਾ ਜਾਇਜ਼ਾ ਲੈਣ ਲਈ ਐਮਰਜੈਂਸੀ ਮੀਟਿੰਗ ਕਰਨ ਤੋਂ ਬਾਅਦ ਨੇਪਾਲ ਦੇ ਪ੍ਰਧਾਨ ਮੰਤਰੀ ਬਾਲੇਂਦਰ ਸ਼ਾਹ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਸੀ, ÷ਮੈਡੀਕਲ ਟੀਮਾਂ, ਸਕਾਊਟਸ ਅਤੇ ਰੈੱਡ ਕ੍ਰਾਸ ਦੇ ਤਾਲਮੇਲ ਨਾਲ ਲੋੜੀਂਦੇ ਕਦਮ ਚੁੱਕਣ ਦਾ ਕੰਮ ਸ਼ੁਰੂ ਹੋ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਸੀ ਕਿ ਰਸੁਵਾ ਜ਼ਿਲ੍ਹੇ ਵਿੱਚ ਦੋ ਚੌਕੀਆਂ ਤੋਂ ਪੁਲਿਸ ਦੇ 13 ਅਧਿਕਾਰੀ ਲਾਪਤਾ ਹਨ। ਇਸ ਤੋਂ ਇਲਾਵਾ ਦਰਜਨਾਂ ਹੋਰ ਪੁਲਿਸ ਅਧਿਕਾਰੀਆਂ ਨਾਲ ਵੀ ਸੰਪਰਕ ਨਹੀਂ ਹੋ ਸਕਿਆ ਹੈ। ਪਿਛਲੇ ਸਾਲ ਰਸੁਵਾ ਵਿੱਚ ਵੀ ਭਿਆਨਕ ਹੜ੍ਹ ਆਇਆ ਸੀ, ਜਿਸ ਵਿੱਚ ਸਰਹੱਦ ਦੇ ਚੀਨੀ ਹਿੱਸੇ ਵਿੱਚ ਇੱਕ ਗਲੇਸ਼ੀਅਰ ਟੁੱਟਣ ਤੋਂ ਬਾਅਦ 18 ਲੋਕਾਂ ਦੀ ਮੌਤ ਹੋ ਗਈ ਸੀ।

ਅਧਿਕਾਰੀਆਂ ਦਾ ਮੰਨਣਾ ਹੈ ਕਿ ਬੁੱਧਵਾਰ ਨੂੰ ਆਈ ਇਹ ਆਫ਼ਤ ਪਿਛਲੇ ਸਾਲ ਦੇ ਹੜ੍ਹ ਨਾਲੋਂ ਕਿਤੇ ਵੱਡੇ ਪੱਧਰ ਦੀ ਹੈ। ਵਿਦੂਰ ਨਗਰਪਾਲਿਕਾ ਦੇ ਵਾਰਡ ਨੰਬਰ 1 ਦੇ ਵਾਰਡ ਚੇਅਰਮੈਨ ਲੇਨਿਨ ਰੰਜਿਤ ਨੇ ਕਿਹਾ ਕਿ ਰਸੂਵਾ ਅਤੇ ਨੁਵਾਕੋਟ ਰਾਹੀਂ ਵਹਿਣ ਵਾਲੀਆਂ ਭੋਟੇਕੋਸ਼ੀ ਅਤੇ ਤ੍ਰਿਸ਼ੂਲੀ ਨਦੀਆਂ ਵਿੱਚ ਆਏ ਹੜ੍ਹ ਕਾਰਨ ਨੁਵਾਕੋਟ ਦਾ ਇਤਿਹਾਸਕ ਤ੍ਰਿਸ਼ੂਲੀ ਬਾਜ਼ਾਰ ਲਗਭਗ ਪੂਰੀ ਤਰ੍ਹਾਂ ਡੁੱਬ ਗਿਆ ਹੈ। ਲੇਨਿਨ ਰੰਜਿਤ ਨੇ ਬੀਬੀਸੀ ਨਿਊਜ਼ ਨੇਪਾਲੀ ਨਾਲ ਗੱਲਬਾਤ ਦੌਰਾਨ ਕਿਹਾ, ÷ਬਾਜ਼ਾਰ ਦਾ ਅੱਧ ਤੋਂ ਵੱਧ ਹਿੱਸਾ ਪੂਰੀ ਤਰ੍ਹਾਂ ਡੁੱਬ ਗਿਆ ਹੈ। ਤ੍ਰਿਸ਼ੂਲੀ ਜਲ ਬਿਜਲੀ ਪਲਾਂਟ, ਬਾਜ਼ਾਰ ਵਿੱਚ ਬਣੇ ਨਵੇਂ ਅਤੇ ਪੁਰਾਣੇ ਦੋਵੇਂ ਕੰਕਰੀਟ ਦੇ ਪੁਲ, ਤ੍ਰਿਸ਼ੂਲੀ ਸਕੂਲ, ਮੰਦਰ ਅਤੇ ਘਰ ਹੜ੍ਹ ਵਿੱਚ ਵਹਿ ਗਏ ਹਨ।ਉਨ੍ਹਾਂ ਕਿਹਾ, ÷ਦੋਸਤਾਂ ਨੇ ਆਪਣੀਆਂ ਅੱਖਾਂ ਸਾਹਮਣੇ ਲੋਕਾਂ ਨੂੰ ਪਾਣੀ ਵਿੱਚ ਵਹਿੰਦੇ ਦੇਖਿਆ ਹੈ। ਬਾਜ਼ਾਰ ਦੇ ਕੁਝ ਵਸਨੀਕਾਂ ਨਾਲ ਅਜੇ ਵੀ ਸੰਪਰਕ ਨਹੀਂ ਹੋ ਸਕਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਬਚਾਅ ਕਾਰਜਾਂ ਲਈ ਹੈਲੀਕਾਪਟਰ ਮੰਗਵਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਫ਼ ?ਲਹਾਲ ਬਾਜ਼ਾਰ ਦੇ ਲੋਕ ਵਿਦੁਰ ਅਤੇ ਕਾਲੋਨੀ ਇਲਾਕਿਆਂ ਵਿੱਚ ਸ਼ਰਨ ਲੈ ਰਹੇ ਹਨ। ਉਨ੍ਹਾਂ ਦੇ ਮੁਤਾਬਕ, ਤ੍ਰਿਸ਼ੂਲੀ ਦੇ ਵਸਨੀਕਾਂ ਨੂੰ ਹੜ੍ਹ ਦੀ ਚੇਤਾਵਨੀ ਦੇ ਕੇ ਤੁਰੰਤ ਇਲਾਕਾ ਖਾਲੀ ਕਰਨ ਲਈ ਕਿਹਾ ਗਿਆ ਸੀ, ਪਰ ਕੁਝ ਲੋਕਾਂ ਨੇ ਇਸ ਚੇਤਾਵਨੀ ਨੂੰ ਗੰਭੀਰਤਾ ਨਾਲ ਨਹੀਂ ਲਿਆ। ਵਾਰਡ ਚੇਅਰਮੈਨ ਰੰਜਿਤ ਨੇ ਕਿਹਾ, ÷ਨਦੀ ਦੇ ਨੇੜੇ ਸਥਿਤ ਹੇਠਲੇ ਬਾਜ਼ਾਰ ਦੇ ਲੋਕ ਤੁਰੰਤ ਉਥੋਂ ਨਿਕਲ ਗਏ ਸਨ, ਪਰ ਉੱਪਰਲੇ ਬਾਜ਼ਾਰ ਦੇ ਸਥਾਨਕ ਵਸਨੀਕ ਹਾਲੇ ਉਥੋਂ ਨਹੀਂ ਨਿਕਲੇ ਸਨ। ਇਸ ਤੋਂ ਪਹਿਲਾਂ ਵੀ ਅਜਿਹੀਆਂ ਅਫ਼ਵਾਹਾਂ ਫੈਲਦੀਆਂ ਰਹੀਆਂ ਸਨ, ਪਰ ਬਾਜ਼ਾਰ ਨੂੰ ਵਹਾ ਕੇ ਲੈ ਜਾਣ ਵਾਲੇ ਹੜ੍ਹ ਕਦੇ ਨਹੀਂ ਆਏ ਸਨ। ਕਿਸੇ ਨੇ ਨਹੀਂ ਸੋਚਿਆ ਸੀ ਕਿ ਇੰਨੇ ਭਿਆਨਕ ਹੜ੍ਹ ਆਉਣਗੇ। ਉਨ੍ਹਾਂ ਕਿਹਾ, ÷ਜਦੋਂ ਤ੍ਰਿਸ਼ੂਲੀ ਦਾ ਪੁਰਾਣਾ ਪੁਲ ਹੜ੍ਹ ਦੀ ਲਪੇਟ ਵਿੱਚ ਆਇਆ, ਉਦੋਂ ਮੈਂ ਮਾਈਕ ਰਾਹੀਂ ਲੋਕਾਂ ਨੂੰ ਚੇਤਾਵਨੀ ਦੇ ਰਿਹਾ ਸੀ। ਜਦੋਂ ਮੈਂ ਨਵੇਂ ਪੁਲ ਤੱਕ ਪਹੁੰਚਿਆ ਤਾਂ ਪਾਣੀ ਮੇਰੇ ਪੈਰਾਂ ਤੱਕ ਆ ਗਿਆ ਸੀ। ਮੈਂ ਚੱਟਾਨਾਂ ਤੱਕ ਪਹੁੰਚ ਕੇ ਕਿਸੇ ਤਰ੍ਹਾਂ ਆਪਣੀ ਜਾਨ ਬਚਾਈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ 1985 ਵਿੱਚ ਰਸੂਵਾ ਦੇ ਧੁੰਚੇ ਇਲਾਕੇ ਵਿੱਚ ਜ਼ਮੀਨ ਖਿਸਕੀ ਸੀ, ਜਿਸ ਕਾਰਨ ਤ੍ਰਿਸ਼ੂਲੀ ਨਦੀ ਦਾ ਰਾਹ ਬੰਦ ਹੋ ਗਿਆ ਸੀ। ਉਸ ਸਮੇਂ ਬਾਜ਼ਾਰ ਦੇ ਵਹਿ ਜਾਣ ਦੇ ਡਰ ਕਾਰਨ ਪੂਰੇ ਬਾਜ਼ਾਰ ਨੂੰ ਖਾਲੀ ਕਰਵਾ ਲਿਆ ਗਿਆ ਸੀ। ਹਾਲਾਂਕਿ, ਉਸ ਵੇਲੇ ਹੜ੍ਹ ਬਾਜ਼ਾਰ ਤੱਕ ਨਹੀਂ ਪਹੁੰਚੇ ਸਨ। ਅਧਿਕਾਰੀਆਂ ਦੇ ਮੁਤਾਬਕ, ਨੁਵਾਕੋਟ ਦੇ ਇਤਿਹਾਸਕ ਤ੍ਰਿਸ਼ੂਲੀ ਬਾਜ਼ਾਰ ਨੂੰ ÷ਸੰਗੁਬਾਜ਼ਾਰ÷ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇੱਥੇ ਕਰੀਬ 500 ਘਰ ਹਨ ਅਤੇ ਆਬਾਦੀ 2,000 ਤੋਂ ਵੱਧ ਹੈ।

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 368

Website: www.preetnama.com Email preetnamausa@gmail.com

28 AUGUST TO 03 SEPTEMBER, 2026


# ਕੀ ਤੁਸੀਂ ਵੀ ਬਿਨਾਂ ਅਲਾਰਮ ਲਗਾਏ ਸਵੇਰੇ ਉੱਠ ਨਹੀਂ ਪਾਉਂਦੇ ? ਇਹ ਤਰੀਕੇ ਅਪਣਾਓ, ਸਵੇਰੇ ਆਪਣੇ ਆਪ ਖੁੱਲ੍ਹੇਗੀ ਨੀਂਦ

ਐਲੀ ਹਰਸ਼ਲੈਗ ਨੇ ਪਾਇਆ ਕਿ ਕੁਦਰਤੀ ਤੌਰ ’ਤੇ ਸਵੇਰੇ ਉੱਠਣਾ ਹੈਰਾਨੀਜਨਕ ਢੰਗ ਨਾਲ ਆਸਾਨ ਹੈ ਜੇਕਰ ਤੁਸੀਂ ਨੀਂਦ ਨਾਲ ਜੁੜੀਆਂ ਕੁਝ ਜ਼ਰੂਰੀ ਚੀਜ਼ਾਂ ਦਾ ਧਿਆਨ ਰੱਖਦੇ ਹੋ। ਅਲਾਰਮ ’ਤੇ ਮੇਰੀ ਨਿਰਭਰਤਾ ਜ਼ਿੰਦਗੀ ਦੇ ਹਰ ਪੜਾਅ ’ਤੇ ਬਦਲਦੀ ਰਹੀ ਹੈ। ਜਦੋਂ ਮੈਂ ਕਿਸ਼ੋਰ ਅਵਸਥਾ ’ਚ ਸੀ ਤਾਂ ਮੈਂ ਆਪਣੇ ਸਕੂਲ ਦੇ ਦਿਨਾਂ ਦੌਰਾਨ ਅਲਾਰਮ ਵੱਜਣ ਤੋਂ ਪਹਿਲਾਂ ਹੀ ਉੱਠ ਜਾਂਦੀ ਸੀ। ਇੰਨਾ ਹੀ ਨਹੀਂ ਕਿ ਮੈਂ ਉੱਠ ਜਾਂਦੀ ਸੀ ਬਲਕਿ ਮੇਰੇ ਸਰੀਰ ਅੰਦਰ ਫਿਟ ਅਲਾਰਮ ਇੰਨਾ ਭਰੋਸੇਯੋਗ ਸੀ ਕਿ ਮੈਨੂੰ ਕਦੇ ਵੀ ਲੇਟ ਹੋਣ ਦਾ ਡਰ ਨਹੀਂ ਸੀ। ਅਜਿਹਾ ਕੁਝ ਹੱਦ ਤੱਕ ਮੇਰੀ ਰੋਜ਼ਾਨਾ ਦੀ ਰੁਟੀਨ ਨਾਲ ਜੁੜਿਆ ਹੋਣ ਕਾਰਨ ਸੰਭਵ ਸੀ ਜੋ ਰਾਤ 11 ਵਜੇ ਤੱਕ ਮੇਰੇ ਸੌਣ ਤੋਂ ਪਹਿਲਾਂ ਪੂਰੀ ਹੋ ਜਾਂਦੀ ਸੀ। ਫਿਰ ਕਾਲਜ ਦੇ ਦਿਨਾਂ ਦੌਰਾਨ ਹਰ ਕੰਮ ਦਾ ਤੈਅ ਸਮਾਂ ਨਾ ਹੋਣ ਕਰਕੇ ਮੇਰੀ ਨੀਂਦ ਦੀ ਰੁਟੀਨ ਵੀ ਪ੍ਰਭਾਵਿਤ ਹੋਈ ਅਤੇ ਮੈਂ ਪਹਿਲਾਂ ਦੇ ਮੁਕਾਬਲੇ ਅਲਾਰਮ ’ਤੇ ਹੋਰ ਵੱਧ ਨਿਰਭਰ ਹੋਣ ਲੱਗੀ। ਇਸ ਤੋਂ ਬਾਅਦ ਜਦੋਂ ਮੈਂ ਕੰਮ ਕਰਨਾ ਸ਼ੁਰੂ ਕੀਤਾ ਤਾਂ ਮੈਂ ਫਿਰ ਆਪਣੀ ਪਹਿਲਾਂ ਵਾਲੀ ਰੁਟੀਨ ਵਿੱਚ ਵਾਪਸ ਆ ਗਈ ਜਦੋਂ ਮੈਂ ਚੰਗੀ ਨੀਂਦ ਲੈ ਰਹੀ ਸੀ ਅਤੇ ਬਿਨਾਂ ਅਲਾਰਮ ਦੇ ਆਪਣੇ ਆਪ ਉੱਠ ਜਾਂਦੀ ਸੀ। 30ਵਿਆਂ ਦੀ ਉਮਰ ਦੌਰਾਨ ਮੈਂ ਮੁੜ ਅਲਾਰਮ ’ਤੇ ਖੁਦ ਨੂੰ ਨਿਰਭਰ ਮਹਿਸੂਸ ਕਰਨ ਲੱਗੀ ਅਤੇ ਹੁਣ ਜਦੋਂ ਮੈਂ 40 ਸਾਲ ਤੋਂ ਵੱਧ ਉਮਰ ਦੀ ਹਾਂ ਤਾਂ ਰਾਤ ਨੂੰ ਨੀਂਦ ਜਲਦੀ ਨਹੀਂ ਆਉਂਦੀ ਅਤੇ ਸਵੇਰੇ ਉੱਠਣ ਸਮੇਂ ਸਰੀਰ ਟੁੱਟਿਆ ਮਹਿਸੂਸ ਕਰਦਾ ਹੈ ਅਤੇ ਮੈਨੂੰ ਨਿਯਮਿਤ ਤੌਰ ’ਤੇ ਕੈਫੀਨ ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਲਈ ਜਦੋਂ ਮੇਰੇ ਸੰਪਾਦਕ ਨੇ ਮੈਨੂੰ ਨੀਂਦ ਖੋਜਕਰਤਾਵਾਂ ਵੱਲੋਂ ਦਿੱਤੀਆਂ ਸਲਾਹਾਂ ਦੇ ਆਧਾਰ ’ਤੇ ਬਿਨ੍ਹਾਂ ਅਲਾਰਮ ਉੱਠਣ ਦੀ ਕੋਸ਼ਿਸ਼ ਕਰਨ ਦਾ ਮਸ਼ਵਰਾ ਦਿੱਤਾ ਤਾਂ ਮੈਂ ਖੁਸ਼ੀ-ਖੁਸ਼ੀ ਇਸ ਨੂੰ ਸਵੀਕਾਰ ਕਰ ਲਿਆ। ਮੇਰੀ ਸਰਕੇਡੀਅਨ ਰਿਦਮ (ਬਾਇਓਲੋਜਿਕਲ ਘੜੀ) ਨੂੰ ਮੁੜ ਸੈੱਟ ਕਰਨ ਦੀ ਲੋੜ ਸੀ ਅਤੇ ਇਸ ਨੂੰ ਠੀਕ ਕਰਨ ਲਈ ਮੈਂ ਹਰ ਸੰਭਵ ਕੋਸ਼ਿਸ਼ ਕਰਨ ਲਈ ਤਿਆਰ ਸੀ।



**ਕੁਦਰਤੀ ਰੌਸ਼ਨੀ ਅਤੇ ਸੌਣ ਦੀ ਤਿਆਰੀ**

ਮੇਰੀ ਨਵੀਂ ਰੁਟੀਨ ’ਚ ਕੁਦਰਤੀ ਰੌਸ਼ਨੀ ਨੂੰ ਸ਼ਾਮਿਲ ਕਰਨਾ ਵੀ ਲਾਜ਼ਮੀ ਸੀ ਤਾਂ ਜੋ ਮੇਰੀ ਇੰਟਰਨਲ ਘੜੀ ਮੇਰੇ ਸੌਣ ਦੇ ਸਮੇਂ ਨਾਲ ਤਾਲਮੇਲ ਸਥਾਪਿਤ ਕਰ ਸਕੇ। ਸਾਈਮਨ ਕਹਿੰਦੇ ਹਨ, ਸਹੀ ਮਾਇਨੇ ਵਿੱਚ ਇਹ ਮਿਲ ਕੇ ਕੰਮ ਕਰਦੇ ਹਨ, ਇਸ ਲਈ ਹੀ ਤੁਸੀਂ ਰਾਤ ਨੂੰ ਥੱਕੇ ਹੋਏ ਅਤੇ ਦਿਨ ਵੇਲੇ ਐਕਟਿਵ ਮਹਿਸੂਸ ਕਰਦੇ ਹੋ। ਇਸ ਤਾਲਮੇਲ ’ਚ ਰੌਸ਼ਨੀ ਇੱਕ ਅਹਿਮ ਭੂਮਿਕਾ ਅਦਾ ਕਰਦੀ ਹੈ ਜੋ ਉਨ੍ਹਾਂ ਹਾਰਮੋਨਸ ਨੂੰ ਸਰਗਰਮ ਕਰਦੀ ਹੈ ਜੋ ਨੀਂਦ ਅਤੇ ਜਾਗਣ ਦਾ ਸੰਕੇਤ ਦਿੰਦੇ ਹਨ। ਐਨਾ ਜੋਇਸ, ਜੋ ਕਿ ਲੰਡਨ ਦੀ ਰੀਜੈਂਟ ਯੂਨੀਵਰਸਿਟੀ’ਚ ਇੱਕ ਚਾਰਟਡ ਮਨੋਵਿਗਿਆਨੀ, ਨੀਂਦ ਮਾਹਰ ਅਤੇ ਖੋਜਕਰਤਾ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ÷ਰੌਸ਼ਨੀ ਸਰਕੇਡੀਅਨ ਘੜੀ ਭਾਵ ਸਰੀਰ ਦੀ ਅੰਦਰੂਨੀ ਘੜੀ ਨੂੰ ਕੰਟਰੋਲ ਕਰਨ ਵਾਲੀ ਸਭ ਤੋਂ ਅਹਿਮ ਚੀਜ਼ ਹੈ। ਇਹ ਮੈਲਾਟੋਨਿਨ ਨੂੰ ਬੰਦ ਹੋਣ ਅਤੇ ਜਾਗਣ ਦਾ ਸੰਕੇਤ ਦਿੰਦੀ ਹੈ। ਅਧਿਐਨਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਸਵੇਰ ਦੀ ਤੇਜ਼ ਰੌਸ਼ਨੀ ਨਾਲ ਕਾਫੀ ਮਾਤਰਾ ਵਿੱਚ ਸੇਰੋਟੋਨਿਨ ਬਣਦਾ ਹੈ ਜੋ ਕਿ ਤਣਾਅ ਨੂੰ ਘੱਟ ਕਰਨ ’ਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦਾ ਹੈ। ਮੈਂ ਰੌਸ਼ਨੀ ਪ੍ਰਤੀ ਕਾਫ਼ੀ ਸੰਵੇਦਨਸ਼ੀਲ ਹਾਂ। ਇਸ ਲਈ ਮੈਂ ਜਿਨ੍ਹਾਂ ਖੋਜਕਰਤਾਵਾਂ ਨਾਲ ਗੱਲਬਾਤ ਕੀਤੀ ਸੀ, ਉਨ੍ਹਾਂ ਨੇ ਮੈਨੂੰ ਸੁਝਾਅ ਦਿੱਤਾ ਕਿ ਸੌਂਦੇ ਸਮੇਂ ਬਲੈਕਆਊਟ ਬਲਾਇੰਡਜ਼ (ਜੋ ਮੇਰੇ ਕੋਲ ਪਹਿਲਾਂ ਹੀ ਸੀ) ਦੀ ਵਰਤੋਂ ਕਰਾਂ। ਮੈਂ ਵਾਧੂ ਬਚਾਅ ਲਈ ਸਲੀਪ ਮਾਸਕ ਪਹਿਨਣ ਦਾ ਫੈਸਲਾ ਵੀ ਕੀਤਾ। ਫਿਰ ਜਾਗਣ ਸਮੇਂ ਉਨ੍ਹਾਂ ਨੇ ਸਲਾਹ ਦਿੱਤੀ ਕਿ ਉੱਠਦਿਆਂ ਹੀ ਫੌਰੀ ਤੌਰ ’ਤੇ ਮੈਂ ਬਲਾਇੰਡ ਖੋਲ ਦੇਵਾਂ ਤਾਂ ਜੋ ਸਵੇਰ ਦੀ ਰੌਸ਼ਨੀ ਮਹਿਸੂਸ ਕਰ ਸਕਾਂ। ਇਸ ਨਾਲ ਕੋਰਟੀਸੋਲ ਹਾਰਮੋਨ ਦੀ ਮਾਤਰਾ ਦਾ ਪੱਧਰ ਵੱਧਦਾ ਹੈ, ਜੋ ਕਿ ਸਾਨੂੰ ਅਲਰਟ ਅਤੇ ਕੰਮ ਕਰਨ ਲਈ ਤਿਆਰ ਹੋਣ ਦਾ ਸੰਕੇਤ ਦਿੰਦਾ ਹੈ। ਸਾਇਮਨ ਕਹਿੰਦੇ ਹਨ, ਇਸ ਨਾਲ ਸਾਡੀ ਬਾਇਓਲੋਜਿਕਲ ਘੜੀ ਨੂੰ ਪਤਾ ਲੱਗਦਾ ਹੈ ਕਿ ’ਠੀਕ ਹੈ, ਹੁਣ ਮੇਰੇ ਦਿਨ ਦੀ ਸ਼ੁਰੂਆਤ ਹੋ ਰਹੀ ਹੈ। ਜੌਇਸ ਨੇ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਕਿ ਸੌਣ ਦੇ ਨਿਰਧਾਰਤ ਸਮੇਂ ਤੋਂ ਲਗਭਗ ਦੋ ਘੰਟੇ ਪਹਿਲਾਂ ਇੱਕ ÷ਨਿਯਮਤ ਅਤੇ ਪਹਿਲਾਂ ਤੋਂ ਤੈਅ ਸੌਣ ਦੀ ਰੁਟੀਨ ਬਣਾਉਣੀ ਮਹੱਤਵਪੂਰਨ ਹੈ। ਇੱਥੇ ਹਰ ਵਿਅਕਤੀ ਲਈ ਵੱਖ-ਵੱਖ ਚੀਜ਼ਾਂ ਕੰਮ ਕਰ ਸਕਦੀਆਂ ਹਨ ਪਰ ਲਾਈਟ ਘੱਟ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਤੁਹਾਡੇ ਸਰੀਰ ਨੂੰ ਮੇਲਾਟੋਨਿਨ ਬਣਾਉਣ ਦਾ ਸੰਕੇਤ ਦਿੰਦਾ ਹੈ ਅਤੇ ਤੁਹਾਨੂੰ ਸੌਣ ਲਈ ਤਿਆਰ ਕਰਦਾ ਹੈ। ਮੈਂ ਯੋਜਨਾ ਬਣਾਈ ਕਿ ਜਿਵੇਂ ਹੀ ਮੈਨੂੰ ਨੀਂਦ ਆਉਣ ਲੱਗੇਗੀ ਤਾਂ ਮੈਂ ਰਾਤ ਦੇ ਕੱਪੜੇ ਪਾ ਲਵਾਂਗੀ, ਬਰੱਸ਼ ਕਰਾਂਗੀ ਅਤੇ ਸਕਿਨ ਕੇਅਰ ਰੁਟੀਨ ਕਰਾਂਗੀ ਅਤੇ ਜੋ ਮੈਂ ਜੋ ਸਮਾਂ ਤੈਅ ਕੀਤਾ ਹੈ ਉਸ ਸਮੇਂ ’ਤੇ ਬੈੱਡ ’ਤੇ ਸੌਣ ਚਲੀ ਜਾਵਾਂਗੀ।÷

ਸਾਈਮਨ ਨੇ ਮੈਨੂੰ ਆਪਣੇ ਸਰੀਰ ਦੇ ਤਾਪਮਾਨ ’ਤੇ ਧਿਆਨ ਦੇਣ ਦੀ ਸਲਾਹ ਦਿੱਤੀ। ਰਾਤ ਦੇ ਸਮੇਂ ਸਾਡੇ ਸਰੀਰ ਦਾ ਅੰਦਰੂਨੀ ਤਾਪਮਾਨ ਘੱਟ ਜਾਂਦਾ ਹੈ, ਕਿਉਂਕਿ ਅਸੀਂ ਘੱਟ ਊਰਜਾ ਦੀ ਵਰਤੋਂ ਕਰਦੇ ਹਾਂ ਅਤੇ ਸਰੀਰ ਹੱਥਾਂ ਅਤੇ ਪੈਰਾਂ ਰਾਹੀਂ ਵੈਸੋਡੀਲੇਸ਼ਨ (ਖ਼ੂਨ ਦੀਆਂ ਨਾੜੀਆਂ ਦਾ ਚੌੜਾ ਹੋਣਾ) ਰਾਹੀਂ ਰੁਕੀ ਹੋਈ ਊਰਜਾ ਨੂੰ ਬਾਹਰ ਕੱਢਦਾ ਹੈ। ਇਸ ਲਈ ਹੀ ਜਦੋਂ ਗਰਮੀ ਹੁੰਦੀ ਹੈ ਤਾਂ ਸੌਂਣਾ ਜਾਂ ਨੀਂਦ ਕਾਇਮ ਰੱਖਣਾ ਔਖਾ ਹੋ ਜਾਂਦਾ ਹੈ। ਜ਼ਿਆਦਾ ਗਰਮੀ ਨਾਲ ਮੇਰੀ ਨੀਂਦ ’ਚ ਰੁਕਾਵਟ ਆਉਂਦੀ ਹੈ, ਇਸ ਲਈ ਮੈਂ ਥਰਮੋਸਟੇਟ ਦਾ ਤਾਪਮਾਨ ਆਮ ਸਮੇਂ ਤੋਂ ਪਹਿਲਾਂ ਭਾਵ ਰਾਤ 11 ਵਜੇ ਤੋਂ ਪਹਿਲਾਂ ਘੱਟ ਕਰ ਦਿੱਤਾ ਅਤੇ ਆਪਣੇ ਬਿਸਤਰ ’ਤੇ ਤਾਪਮਾਨ ਨੂੰ ਕੰਟਰੋਲ ਕਰਨ ਵਾਲੀਆਂ ਬਾਂਸ ਦੀਆਂ ਚਾਦਰਾਂ ਵਿਛਾ ਲਈਆਂ।



**ਨੀਂਦ ’ਚ ਆਉਣ ਵਾਲੀਆਂ ਰੁਕਾਵਟਾਂ**

ਹਾਲਾਂਕਿ ਮੇਰੀ ਨੀਂਦ ਨਾ ਆਉਣ ’ਚ ਸਭ ਤੋਂ ਵੱਡੀ ਰੁਕਾਵਟ ਮੇਰਾ ਸਮਾਰਟ ਫੋਨ ਹੈ। ਜਿਨ੍ਹਾਂ ਮਾਹਰਾਂ ਨਾਲ ਮੈਂ ਚਰਚਾ ਕੀਤੀ, ਉਨ੍ਹਾਂ ਅਨੁਸਾਰ ਇਹ ਇੱਕ ਆਮ ਸ਼ਿਕਾਇਤ ਹੈ। ਨੀਲੀ ਰੋਸ਼ਨੀ ਛੱਡਣ ਵਾਲੇ ਯੰਤਰ ਅੰਸ਼ਕ ਤੌਰ ’ਤੇ ਜ਼ਿੰਮੇਵਾਰ ਹੋ ਸਕਦੇ ਹਨ। ਇਸ ਦੀ ਵੇਵਲੈਂਥ ਦਿਨ ਦੀ ਰੌਸ਼ਨੀ ਦੇ ਬਰਾਬਰ ਹੁੰਦੀ ਹੈ, ਜੋ ਕਿ ਰਾਤ ਦੇ ਸਮੇਂ ਦਿਮਾਗ ਨੂੰ ਉਲਝਣ ’ਚ ਪਾਉਣ ਵਾਲੇ ਸਿਗਨਲ ਭੇਜ ਸਕਦੀ ਹੈ। ਹਾਲਾਂਕਿ ਸਮਾਰਟਫੋਨ ਦਾ ਵਧੇਰੇ ਪ੍ਰਭਾਵ ਪਾਉਣ ਵਾਲਾ ਪਹਿਲੂ ’ਡੋਪਾਮੀਨ ਸਕ੍ਰੌਲਿੰਗ ’ ਹੈ ਯਾਨੀ ਵਧੀਆ ਮਹਿਸੂਸ ਕਰਨ ਲਈ ਵਾਰ-ਵਾਰ ਸੋਸ਼ਲ ਮੀਡੀਆ ਫੀਡ ਨੂੰ ਵੇਖਣਾ। ਇਨ੍ਹਾਂ ਪਲੇਟਫਾਰਮ ਦੇ ਐਲਗੋਰਿਦਮ ਸਾਨੂੰ ਆਪਣੇ ਨਾਲ ਬਣਾਈ ਰੱਖਣ ਦੇ ਉਦੇਸ਼ ਨਾਲ ਤਿਆਰ ਕੀਤੇ ਗਏ ਹਨ। ਇਸ ਲਈ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਹਾਲ ’ਚ ਹੀ ਹੋਈ ਇੱਕ ਸਟੱਡੀ ਅਨੁਸਾਰ ਜ਼ਿਆਦਾ ਸਕਰੋਲ ਕਰਨ ਨਾਲ ਨੀਂਦ ਪ੍ਰਭਾਵਿਤ ਹੁੰਦੀ ਹੈ। ਇਸ ਰੁਕਾਵਟ ਤੋਂ ਨਿਜਾਤ ਪਾਉਣ ਲਈ ਮੈਂ ਇੱਕ ਐਪ ਬਲਾਕ ਕਰਨ ਵਾਲੇ ਯੰਤਰ ਦੀ ਵਰਤੋਂ ਕੀਤੀ ਅਤੇ ਇੱਕ ਪ੍ਰਯੋਗ ਵਜੋਂ ਹਰ ਰਾਤ 9 ਵਜੇ ਤੋਂ 12 ਵਜੇ ਤੱਕ ਫੋਨ ਬਲਾਕ ਦਾ ਸਮਾਂ ਨਿਰਧਾਰਤ ਕੀਤਾ। ਮੈਂ ਆਪਣੇ ਫੋਨ ਨੂੰ ਗ੍ਰੇਅਸਕੇਲ ਮੋਡ ’ਤੇ ਵੀ ਰੱਖਿਆ (ਇਹ ਆਮ ਤੌਰ ’ਤੇ ਅਕਸੈਸੀਬਿਲਟੀ ਸੈਟਿੰਗਸ ’ਚ ਮਿਲਦਾ ਹੈ, ਜੇਕਰ ਤੁਸੀਂ ਚਾਹੋ ਤਾਂ ਵੇਖ ਸਕਦੇ ਹੋ) ਤਾਂ ਜੋ ਸਕ੍ਰੀਨ ’ਤੇ ਵਿਖਾਈ ਦੇਣ ਵਾਲੀਆਂ ਚੀਜ਼ਾਂ ਘੱਟ ਆਕਰਸ਼ਕ ਲੱਗਣ। ਮੈਂ ਤੈਅ ਕੀਤਾ ਕਿ ਦਿਨ ਵਿੱਚ ਸਿਰਫ਼ ਇੱਕ ਵਾਰ ਸਵੇਰੇ ਕੌਫੀ ਦਾ ਸੇਵਨ ਕਰਾਂਗੀ ਤਾਂ ਜੋ ਮੈਂ ਨਿਰਧਾਰਤ ਸਮੇਂ ’ਤੇ ਖਾਣਾ ਖਾਵਾਂ ਅਤੇ ਰਾਤ ਨੂੰ ਸੌਣ ਤੋਂ ਘੱਟੋ-ਘੱਟ ਤਿੰਨ ਘੰਟੇ ਪਹਿਲਾਂ ਆਪਣਾ ਰਾਤ ਦਾ ਖਾਣਾ ਖਾਵਾਂ (ਕਿਉਂਕਿ ਮੈਟਾਬੋਲਿਜ਼ਮ ਤੁਹਾਡੀ ਸਰਕੇਡੀਅਨ ਰਿਦਮ ਨੂੰ ਪ੍ਰਭਾਵਿਤ ਕਰਦਾ ਹੈ)। ਬਰਗੇਸ ਨੇ ਮੈਨੂੰ ਜਿਨ੍ਹਾਂ ਹੋ ਸਕੇ ਸ਼ਰਾਬ ਤੋਂ ਵੀ ਦੂਰ ਰਹਿਣ ਦੀ ਸਲਾਹ ਦਿੱਤੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਨਾਲ ਸ਼ੁਰੂਆਤ ਵਿੱਚ ਭਾਵੇਂ ਤੁਹਾਨੂੰ ਥੋੜ੍ਹੀ ਜਲਦੀ ਨੀਂਦ ਆ ਜਾਂਦੀ ਹੈ ਪਰ ਬਾਅਦ ’ਚ ਇਹ ਤੁਹਾਡੀ ਨੀਂਦ ਨੂੰ ਪ੍ਰਭਾਵਿਤ ਕਰਦੀ ਹੈ ਕਿਉਂਕਿ ਇਹ ਆਰਈਐਮ ਸਲੀਪ ਨੂੰ ਰੋਕਦੀ ਹੈ। ਇਸ ਤਜਰਬੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਹਰ ਸੰਭਾਵੀ ਰੁਕਾਵਟ ’ਤੇ ਝਾਤ ਮਾਰੀ, ਜੋ ਕਿ ਇਸ ਤਜਰਬੇ ਨੂੰ ਤੋੜ ਸਕਦੀ ਸੀ। ਸਾਡੇ ਕੋਲ ਦੋ ਪਾਲਤੂ ਬਿੱਲੀਆਂ ਹਨ, ਜੋ ਕਿ ਸਵੇਰੇ 6 ਵਜੇ ਨਾਸ਼ਤਾ ਲੈਣਾ ਪਸੰਦ ਕਰਦੀਆਂ ਹਨ। ਪਰ ਸ਼ੁਕਰ ਹੈ ਕਿ ਇਸ ਲਈ ਉਹ ਮੇਰੇ ਪਤੀ ਨੂੰ ਜਗਾਉਂਦੀਆਂ ਹਨ, ਸ਼ਾਮ ਵੇਲੇ ਉਨ੍ਹਾਂ ਨੂੰ ਖਾਣਾ ਦੇਣ ਦੀ ਡਿਊਟੀ ਮੇਰੀ ਹੁੰਦੀ ਹੈ। ਮੇਰੇ ਪਤੀ ਦਾ ਸਵੇਰੇ-ਸਵੇਰੇ ਵੱਜਣ ਵਾਲਾ ਹਲਕੀ ਆਵਾਜ਼ ਵਾਲਾ ਆਲਰਮ ਸ਼ਾਇਦ ਹੀ ਮੇਰੀ ਨੀਂਦ ਖਰਾਬ ਕਰਦਾ ਹੈ ਪਰ ਜਦੋਂ ਵੀ ਉਨ੍ਹਾਂ ਨੇ ਤੜਕਸਾਰ (ਸਵੇਰੇ 5 ਵਜੇ) ਉੱਠਣਾ ਹੁੰਦਾ ਹੈ ਤਾਂ ਉਹ ਸੋਫੇ ’ਤੇ ਸੌਣਾ ਪਸੰਦ ਕਰਦੇ ਸਨ। ਅਤੇ ਅਖੀਰ ’ਚ ਜਿਨ੍ਹਾਂ ਮਾਹਰਾਂ ਨਾਲ ਮੈਂ ਸੰਪਰਕ ਕੀਤਾ ਸੀ, ਉਨ੍ਹਾਂ ਸਾਰੇ ਮਾਹਰਾਂ ਦੀ ਸਿਫਾਰਸ਼ ’ਤੇ ਮੈਂ ਸਵੇਰੇ ਅੱਠ ਵਜੇ ਆਪਣੇ ਆਪ ਉੱਠਣ ਦੇ ਨਿਰਧਾਰਤ ਸਮੇਂ ਤੋਂ 20 ਮਿੰਟ ਬਾਅਦ ਦਾ ਇੱਕ ਐਮਰਜੈਂਸੀ ਅਲਾਰਮ ਸੈੱਟ ਕੀਤਾ ਤਾਂ ਜੋ ਜੇਕਰ ਅੱਖ ਨਾ ਖੁੱਲ੍ਹੀ ਤਾਂ ਅਲਾਰਮ ਕੰਮ ਆ ਸਕੇ।

## ਨੀਂਦ ਦਾ ਸਹੀ ਪੈਟਰਨ ਲੱਭਣਾ

ਮਾਹਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਮੈਂ ਤੈਅ ਕੀਤਾ ਕਿ ਆਪਣੇ ਅੰਦਰ ਦੀ ਘੜੀ ਭਾਵ ਇੰਟਰਨਲ ਅਲਾਰਮ ਨੂੰ ਰੀ-ਪ੍ਰੋਗਰਾਮ ਮਤਲਬ ਮੁੜ ਸੈੱਟ ਕਰਨ ਲਈ ਇੱਕ ਹਫ਼ਤੇ ਤੱਕ ਬਿਨ੍ਹਾਂ ਅਲਾਰਮ ਦੇ ਉੱਠਣਾ ਸਹੀ ਸਮਾਂ ਹੋਵੇਗਾ। ਹਾਲਾਂਕਿ ਇਸ ਸਭ ਲਈ ਕੁਝ ਤਿਆਰੀ ਦੀ ਲੋੜ ਵੀ ਸੀ। ਜਿਨ੍ਹਾਂ ਵੀ ਖੋਜਕਰਤਾਵਾਂ ਨਾਲ ਮੈਂ ਸਲਾਹ-ਮਸ਼ਵਰਾ ਕੀਤਾ ਉਨ੍ਹਾਂ ਸਾਰਿਆਂ ਨੇ ਮੈਨੂੰ ਸੁਝਾਅ ਦਿੱਤਾ ਕਿ ਇਸ ਤਜਰਬੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਦਿਨਾਂ ਤੱਕ ਆਪਣੇ ਸੌਣ ਦੇ ਅਸਲ ਸਮੇਂ ਭਾਵ ਸਲੀਪ ਰਿਦਮ ਦੀ ਪਛਾਣ ਕਰੋ ( ਜੇਕਰ ਇਹ ਤੁਹਾਡੇ ਸ਼ਡਿਊਲ ਦੇ ਹਿਸਾਬ ਨਾਲ ਸੈੱਟ ਨਹੀਂ ਬੈਠਦਾ ਹੈ ਤਾਂ ਆਪਣੀ ਸਰਕੇਡੀਅਨ ਰਿਦਮ ਨੂੰ ਕਿਵੇਂ ਵਿਵਸਥਿਤ ਕਰਨਾ ਹੈ, ਇਸ ਸਭ ਬਾਰੇ ਬਾਅਦ ’ਚ ਗੱਲ ਕਰਾਂਗੇ)। ਮੈਂ ਆਮ ਤੌਰ ’ਤੇ 7-8 ਘੰਟੇ ਦੀ ਨੀਂਦ ਲੈਂਦੀ ਹਾਂ ਪਰ ਮੇਰੇ ਸੌਣ ਦਾ ਸਮਾਂ ਰਾਤ ਨੂੰ 11 ਵਜੇ ਤੋਂ 2 ਵਜੇ ਵਿਚਾਲੇ ਕਿਸੇ ਵੀ ਸਮੇਂ ਹੋ ਸਕਦਾ ਹੈ। ਕਈ ਵਾਰ ਤਾਂ ਮੈਂ ਸੋਫੇ ’ਤੇ ਬੈਠੀ ਟੀਵੀ ਵੇਖਦੇ-ਵੇਖਦੇ ਹੀ ਸੌਂ ਜਾਂਦੀ ਹਾਂ ਅਤੇ ਅੱਧੀ ਰਾਤ 2:30 ਵਜੇ ਦੇ ਕਰੀਬ ਮੇਰੀ ਅੱਖ ਖੁੱਲ੍ਹਦੀ ਹੈ ਤਾਂ ਮੁੜ ਸੌਣਾ ਬਹੁਤ ਹੀ ਮੁਸ਼ਕਲ ਭਰਿਆ ਹੋ ਜਾਂਦਾ ਹੈ। ਚੰਗੀ ਗੱਲ ਇਹ ਹੈ ਕਿ ਮੈਂ ਇੱਕ ਕਰੂਜ਼ ’ਤੇ ਜਾ ਰਹੀ ਸੀ ਅਤੇ ਮੇਰੇ ਕੋਲ ਇਹ ਵੇਖਣ ਲਈ ਲੋੜੀਂਦਾ ਸਮਾਂ ਸੀ ਕਿ ਮੈਨੂੰ ਰਾਤ ਨੂੰ ਆਪਣੇ ਆਪ ਨੀਂਦ ਕਦੋਂ ਆਉਂਦੀ ਹੈ ਅਤੇ ਸਵੇਰੇ ਕਦੋਂ ਨੀਂਦ ਖੁੱਲ੍ਹਦੀ ਹੈ। ਇਹ ਲਗਭਗ ਰਾਤ ਦੇ 11:30 ਵਜੇ ਤੋਂ ਸਵੇਰ ਦੇ 8 ਵਜੇ ਦੇ ਦਰਮਿਆਨ ਦਾ ਸਮਾਂ ਨਿਕਲਿਆ ਜੋ ਕਿ ਸਾਢੇ ਅੱਠ ਘੰਟੇ ਦੀ ਨੀਂਦ ਨੂੰ ਦਰਸਾਉਂਦਾ ਹੈ। ਸਾਡੇ ਸਰੀਰ ਅਤੇ ਦਿਮਾਗ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਬਰਾਬਰ ਨੀਂਦ ਲੈਣੀ ਬਹੁਤ ਜ਼ਰੂਰੀ ਹੈ। ਆਮ ਤੌਰ ’ਤੇ ਵੱਡਿਆਂ ਨੂੰ 7-9 ਘੰਟੇ ਦੀ ਨੀਂਦ ਲੈਣੀ ਚਾਹੀਦੀ ਹੈ (6 ਘੰਟੇ ਤੋਂ ਘੱਟ ਦੀ ਨੀਂਦ ਲੈਣ ਨਾਲ ਸਮੇਂ ਤੋਂ ਪਹਿਲਾਂ ਹੀ ਮੌਤ ਦਾ ਖ਼ਤਰਾ 20 % ਤੱਕ ਵੱਧ ਜਾਂਦਾ ਹੈ)। ਪਰ ਅਜਿਹਾ ਕੋਈ ਵੀ ਜਾਦੂਈ ਨੰਬਰ ਮੌਜੂਦ ਨਹੀਂ ਹੈ, ਜੋ ਹਰ ਵਿਅਕਤੀ ਲਈ ਸਹੀ ਸਾਬਤ ਹੋਵੇ। ਡੱਲਾਸ ਸਥਿਤ ਯੂਨੀਵਰਸਿਟੀ ਆਫ ਟੈਕਸਸ ’ਚ ਸਲੀਪ ਇਨੋਵੇਸ਼ਨ ਲੈਬਜ਼ ਦੇ ਸਹਾਇਕ ਡਾਇਰੈਕਟਰ ਏਟੀ ਬੇਨ ਸਾਈਮਨ ਕਹਿੰਦੇ ਹਨ, ਅੱਠ ਘੰਟੇ ਵਿਚਕਾਰਲਾ ਸਮਾਂ ਹੈ ਪਰ ਕਈ ਲੋਕਾਂ ਲਈ 7 ਘੰਟੇ ਵੀ ਕਾਫ਼ੀ ਹੁੰਦੇ ਹਨ ਅਤੇ ਕਈਆਂ ਨੂੰ 9 ਘੰਟੇ ਵੀ ਥੋੜ੍ਹੇ ਪੈਂਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਤੁਹਾਡੀ ਸਰਕੇਡੀਅਨ ਰਿਦਮ ਦੇ ਅਧਾਰ ’ਤੇ ਕੁਝ ਜੈਵਿਕ ਬਦਲਾਅ ਹੋ ਸਕਦੇ ਹਨ। ਤਾਂ ਫਿਰ ਮੈਂ ਆਪਣੇ ਕੰਮਕਾਜ ਦੇ ਹਫ਼ਤੇ ਦੌਰਾਨ ਇਸ ਨੇਮ ਨੂੰ ਕਿਵੇਂ ਕਾਇਮ ਰੱਖ ਸਕਦੀ ਹਾਂ, ਜਦੋਂ ਰਾਤ ਨੂੰ ਅੱਠ ਘੰਟੇ ਦੀ ਨੀਂਦ ਪੂਰੀ ਕਰਨ ਦੀ ਚਿੰਤਾ ਅਤੇ ਤਣਾਅ ਮੈਨੂੰ ਘੇਰੀ ਰੱਖਣ ਜੋ ਅਕਸਰ ਹੀ ਮੇਰੀ ਨੀਂਦ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੇ ਹਨ ? ਜਿਨ੍ਹਾਂ ਮਾਹਰਾਂ ਨਾਲ ਮੈਂ ਗੱਲਬਾਤ ਕੀਤੀ, ਉਨ੍ਹਾਂ ਨੇ ਕਿਹਾ ਕਿ ਮਹੱਤਵਪੂਰਨ ਗੱਲ ਇਹ ਨਹੀਂ ਹੈ ਕਿ ਕਾਫ਼ੀ ਨੀਂਦ ਲਈ ਜਾਵੇ, ਸਗੋਂ ਇੱਕ ਨਿਰਧਾਰਤ ਸਮਾਂ ਸਾਰਣੀ ਦੀ ਪਾਲਣਾ ਕਰਨ ਵਧੇਰੇ ਜ਼ਰੂਰੀ ਹੈ। ਅਮਰੀਕਾ ਦੀ ਮਿਸ਼ੀਗਨ ਯੂਨੀਵਰਸਿਟੀ ’ਚ ਨੀਂਦ ਅਤੇ ਸਰਕੇਡੀਅਨ ਖੋਜ ਪ੍ਰਯੋਗਸ਼ਾਲਾ ਦੇ ਸਹਿ-ਨਿਰਦੇਸ਼ਕ ਹੈਲਨ ਬਰਗੇਸ ਦਾ ਕਹਿਣਾ ਹੈ, ÷ਤੁਹਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਤੁਸੀਂ ਹਰ ਰੋਜ਼ ਇੱਕ ਹੀ ਸਮੇਂ ’ਤੇ ਸੋਵੋ ਅਤੇ ਉਸ ਸਮੇਂ ’ਤੇ ਸੋਵੋ ਕਿ ਤੁਹਾਡੇ ਜ਼ਰੂਰੀ 8 ਘੰਟਿਆਂ (ਮੇਰੇ ਮਾਮਲੇ ’ਚ ਸਾਢੇ ਅੱਠ ਘੰਟੇ) ਦੀ ਨੀਂਦ ਪੂਰੀ ਹੋ ਸਕੇ। ਇਹ ਨਿਯਮਿਤ ਰੁਟੀਨ ਲਾਭਦਾਇਕ ਹੋਵੇਗੀ ਅਤੇ ਜਦੋਂ ਅਸੀਂ ਕਿਸੇ ਰੁਟੀਨ ਦੀ ਨਿਰਤੰਰ ਪਾਲਣਾ ਕਰਦੇ ਹਾਂ ਤਾਂ ਸਾਡਾ ਸਰੀਰ ਉਸ ਕੰਮ ਨੂੰ ਕਰਨ ’ਚ ਸਹਿਜ ਮਹਿਸੂਸ ਕਰਦਾ ਹੈ। ਇਹ ਸਲਾਹ ਬਹੁਤ ਹੀ ਰਾਹਤ ਦੇਣ ਵਾਲੀ ਸੀ ਕਿਉਂਕਿ ਮੈਂ ਪਹਿਲਾਂ ਹੀ ਇਸ ਗੱਲ ਨੂੰ ਲੈ ਕੇ ਪਰੇਸ਼ਾਨ ਸੀ ਕਿ ਕਿਤੇ ਬਹੁਤ ਜਲਦੀ ਨਾ ਉੱਠ ਜਾਵਾਂ (ਜੋ ਮੈਂ ਅਕਸਰ ਕਰਦੀ ਹਾਂ ਜਦੋਂ ਅਗਲੇ ਦਿਨ ਬਹੁਤ ਜ਼ਰੂਰੀ ਕੰਮ ਹੋਵੇ)।

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 368

Website: www.preetnama.com Email preetnamausa@gmail.com

28 AUGUST TO 03 SEPTEMBER, 2026


# ਪੀਐੱਮ ਮੋਦੀ ਨੇ ਆਪਣਾ ਮਜ਼ਬੂਤ ਅਕਸ ਬਣਾਉਣ ਵਿੱਚ ਕਈ ਸਾਲ ਬਿਤਾਏ, ਤਾਂ ਹੁਣ ਉਹ ਜੈੱਨ ਜ਼ੀ ਲਈ ਵੀਡੀਓ ਕਿਉਂ ਬਣਾ ਰਹੇ ਹਨ ?



ਭਾਰਤ ਦੀ ਜੈੱਨ ਜ਼ੀ ਪੀੜ੍ਹੀ ਦੇ ਕਈ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੋਸਤ ਦੇ ਰੂਪ ਵਿੱਚ ਨਹੀਂ ਦੇਖਦੇ ਹੋਣੇ, ਪਰ ਹੁਣ ਉਹ ਉਨ੍ਹਾਂ ਨਾਲ ਇੱਕ ਦੋਸਤ ਵਾਂਗ ਗੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇਸ 75 ਸਾਲਾ ਸਿਆਸਤਦਾਨ ਜਿਨ੍ਹਾਂ ਨੇ ਲੰਬੇ ਸਮੇਂ ਤੋਂ ਯੋਜਨਾਬੱਧ ਭਾਸ਼ਣਾਂ, ਰਸਮੀ ਪ੍ਰਸਾਰਣਾਂ ਅਤੇ ਯੋਜਨਾਬੱਧ ਮੌਜੂਦਗੀ ਜ਼ਰੀਏ ਇੱਕ ਮਜ਼ਬੂਤ ਨੇਤਾ ਦਾ ਅਕਸ ਬਣਾਇਆ ਹੈ, ਉਨ੍ਹਾਂ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਨੌਜਵਾਨਾਂ ਵਿੱਚ ਹਰਮਨਪਿਆਰੇ ਫੋਟੋ ਅਤੇ ਵੀਡੀਓ ਪਲੈਟਫਾਰਮ ਇੰਸਟਾਗ੍ਰਾਮ ’ਤੇ ਆਪਣਾ ਜ਼ਿਆਦਾ ਹੀ ਆਮ ਅੰਦਾਜ਼ ਅਪਣਾਇਆ ਹੈ।

ਮੋਦੀ ਦੀ ਟਾਈਮਲਾਈਨ ਜਿਸ ਵਿੱਚ ਇੱਕ ਮਹੀਨਾ ਪਹਿਲਾਂ ਤੱਕ ਸਾਵਧਾਨੀਪੂਰਵਕ ਚੁਣੀਆਂ ਗਈਆਂ ਪੋਸਟਾਂ ਹੁੰਦੀਆਂ ਸਨ, ਹੁਣ ਉਸ ਵਿੱਚ ਜ਼ਿਆਦਾ ’ਸਪੱਸ਼ਟ’ ਕੰਟੈਂਟ ਵੀ ਸ਼ਾਮਲ ਹੈ। ਜਿਵੇਂ ਕਿ ’ਮੇਰੇ ਨਾਲ ਤਿਆਰ ਹੋ ਜਾਓ’ (ਗੈੱਟ ਰੈਡੀ ਵਿਦ ਮੀ) ਰੀਲ ਅਤੇ ਨੌਜਵਾਨਾਂ ਨੂੰ ਸੰਬੋਧਨ ਕਰਨ ਲਈ ਸੈਲਫੀ ਸ਼ੈਲੀ ਪੋਸਟਾਂ, ਜਿਨ੍ਹਾਂ ਵਿੱਚ ਉਹ ਨੌਜਵਾਨਾਂ ਨੂੰ ’ਫਰੈਂਡਜ਼’ ਕਹਿੰਦੇ ਹਨ।

ਇੱਕ ਵੀਡੀਓ ਵਿੱਚ ਉਹ ਦਿੱਲੀ ਵਿੱਚ ਇੱਕ ਡਿਗਰੀ ਵੰਡ ਸਮਾਗਮ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਜੈੱਨ ਜ਼ੀ ਵਿੱਚ ਹਰਮਨਪਿਆਰੇ ਇੱਕ ਮੁਹਾਵਰੇ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ, ’’ਆਪਣੇ ਖਾਨਦਾਨ ਵਿੱਚ ਰਾਕੇਟ, ਚਿਪ ਅਤੇ ਡਰੋਨ ਬਣਾਉਣ ਵਾਲਾ ਮੈਂ ਪਹਿਲਾਂ ਵਿਅਕਤੀ ਹਾਂ।

**ਮਾਹਰਾਂ ਦਾ ਕੀ ਕਹਿਣਾ**

ਲੇਖਕ ਅਤੇ ਟਿੱਪਣੀਕਾਰ ਅਨੁਰਾਗ ਮਿਨਸ ਵਰਮਾ ਦਾ ਕਹਿਣਾ ਹੈ ਕਿ ਇੱਕ ਦਹਾਕੇ ਤੋਂ ਜ਼ਿਆਦਾ ਸਮੇਂ ਤੋਂ ਹਿੰਦੂ ਰਾਸ਼ਟਰਵਾਦੀ ਪਾਰਟੀ ਨੇ ਵ ?ਹਟਸਐਪ ਗਰੁੱਪ, ਫੇਸਬੁੱਕ ਪੇਜ ਅਤੇ ਐਕਸ ਅਕਾਊਂਟ ਦੀ ਵਰਤੋਂ ਕਰਕੇ ਆਪਣੇ ਸੰਦੇਸ਼ ਨੂੰ ਫੈਲਾਉਣ ਲਈ ਭਾਰਤ ਦੀਆਂ ਸਭ ਤੋਂ ਸ਼ਕਤੀਸ਼ਾਲੀ ਰਾਜਨੀਤਕ ਤਾਕਤਾਂ ਵਿੱਚੋਂ ਇੱਕ ਦਾ ਨਿਰਮਾਣ ਕੀਤਾ ਹੈ। ਪਰ ਨੌਜਵਾਨ ਭਾਰਤੀ ਕੰਟੈਂਟ ਅਤੇ ਰਾਜਨੀਤੀ ਨੂੰ ਅਲੱਗ ਤਰ੍ਹਾਂ ਨਾਲ ਦੇਖਦੇ ਅਤੇ ਸਮਝਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਦੀ 60 ਫੀਸਦੀ ਤੋਂ ਜ਼ਿਆਦਾ ਆਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ ਅਤੇ ਜੈਨਰੇਸ਼ਨ ਜ਼ੀ (1997 ਅਤੇ 2012 ਵਿਚਕਾਰ ਪੈਦਾ ਹੋਏ) ਦੇ 2029 ਦੀਆਂ ਆਮ ਚੋਣਾਂ ਤੱਕ ਦੇਸ਼ ਦੇ ਸਭ ਤੋਂ ਵੱਡੇ ਵੋਟਰ ਸਮੂਹਾਂ ਵਿੱਚੋਂ ਇੱਕ ਬਣਨ ਦੀ ਉਮੀਦ ਹੈ। ਉਨ੍ਹਾਂ ਨੂੰ ਆਪਣੇ ਪੱਖ ਵਿੱਚ ਕਰਨ ਦਾ ਮਤਲਬ ਹੈ ਇੰਸਟਾਗ੍ਰਾਮ ਵਰਗੇ ਪਲੈਟਫਾਰਮਾਂ ’ਤੇ ਉਨ੍ਹਾਂ ਤੱਕ ਪਹੁੰਚਣਾ, ਜਿੱਥੇ ਵਿਅਕਤੀਗਤ ਪੱਧਰ ’ਤੇ ਅਤੇ ਬਿਨਾਂ ਕਿਸੇ ਰੋਕ-ਟੋਕ ਵਾਲੀ ਸਮੱਗਰੀ ਰਵਾਇਤੀ ਰਾਜਨੀਤਕ ਸੰਦੇਸ਼ਾਂ ਦੀ ਤੁਲਨਾ ਵਿੱਚ ਜ਼ਿਆਦਾ ਪ੍ਰਭਾਵਸ਼ਾਲੀ ਹੋ ਸਕਦੀ ਹੈ।

ਇਹ ਬਦਲਾਅ ਉਦੋਂ ਸਪੱਸ਼ਟ ਹੋਇਆ ਜਦੋਂ ਮੋਦੀ ਦੀ ਪੋਸਟ ਪਹਿਲੀ ਵਾਰ ਇੰਸਟਾਗ੍ਰਾਮ ’ਤੇ ਦਿਖਾਈ ਦਿੱਤੀ। ਨੌਜਵਾਨ ਯੂਜ਼ਰਜ਼ ਨੇ ਤੁਰੰਤ ਵਿਅੰਗਮਈ ਪ੍ਰਤੀਕਿਰਿਆਵਾਂ ਦਿੱਤੀਆਂ। ਕਈ ਲੋਕਾਂ ਨੇ ਉਨ੍ਹਾਂ ਦੀ ਪਹਿਲੀ ਸੈਲਫੀ ਵੀਡੀਓ ਰੀਲ ਦਾ ਮਜ਼ਾਕ ਉਡਾਇਆ, ਜਿਸ ਵਿੱਚ ਉਨ੍ਹਾਂ ਨੇ ਚੱਲ ਰਹੇ ਨੌਜਵਾਨ ਵਿਰੋਧ ਪ੍ਰਦਰਸ਼ਨਾਂ ’ਤੇ ਆਪਣੀ ਚੁੱਪੀ ਤੋੜੀ ਸੀ। ਪਰ ਜਿਸ ਗੱਲ ਨੇ ਅਸਲ ਵਿੱਚ ਸਭ ਦਾ ਧਿਆਨ ਖਿੱਚਿਆ, ਉਹ ਸੀ ਮੋਦੀ ਦੇ ’ਫਰੈਂਡਜ਼’ ਕਹਿਣ ਤੋਂ ਬਾਅਦ ਲੰਬਾ ਵਿਰਾਮ। ਇਸ ਦੇ ਕਈ ਸੰਸਕਰਣ ਜਲਦੀ ਹੀ ਆਨਲਾਈਨ ਟਰੈਂਡ ਕਰਨ ਲੱਗੇ, ਜਿਸ ਵਿੱਚ ਯੂਜ਼ਰਜ਼ ਐਡਿਟ ਅਤੇ ਚੁਟਕੁਲੇ ਜੋੜ ਕੇ ਅਤੇ ਵੀਡੀਓ ਵਿੱਚ ਲਾਈਟਿੰਗ ਅਤੇ ਕੈਮਰਾ ਐਂਗਲ ਦਾ ਮਜ਼ਾਕ ਉਡਾਉਂਦੇ ਹੋਏ ਦਿਖਾਈ ਦਿੱਤੇ। ਇਸ ਤੋਂ ਬਾਅਦ ਦੀਆਂ ਪੋਸਟਾਂ ਵਿੱਚ ਮੋਦੀ ਦੀ ਟੀਮ ਨੇ ਕੁਝ ਆਲੋਚਨਾਵਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਜਿਸ ਵਿੱਚ ਅਲੱਗ-ਅਲੱਗ ਕੈਮਰਾ ਐਂਗਲ, ਬੈਕਡਰਾਪ ਅਤੇ ਲਾਈਟਿੰਗ ਨਾਲ ਪ੍ਰਯੋਗ ਕੀਤੇ ਗਏ।

**ਨੌਜਵਾਨਾਂ ਨੇ ਕੀ ਪ੍ਰਤੀਕਿਰਿਆ ਦਿੱਤੀ**

ਹਾਲਾਂਕਿ ਕੁਝ ਨੌਜਵਾਨ ਯੂਜਰਜ਼ ਨੇ ਇਸ ਪਹਿਲ ਦੀ ਸ਼ਲਾਘਾ ਕੀਤੀ, ਪਰ ਕਈ ਲੋਕ ਅਜੇ ਵੀ ਇਸ ਦੇ ਸਮੇਂ ਨੂੰ ਲੈ ਕੇ ਦੁਬਿਧਾ ਵਿੱਚ ਸਨ। 22 ਸਾਲਾ ਗਿੰਨੀ ਮਾਲੀਆ ਸਮਝਦੇ ਹਨ ਕਿ ਭਾਜਪਾ ਉਨ੍ਹਾਂ ਦੀ ਉਮਰ ਦੇ ਲੋਕਾਂ ਨਾਲ ਕਿਉਂ ਜੁੜਨਾ ਚਾਹੁੰਦੀ ਹੈ, ਪਰ ਉਨ੍ਹਾਂ ਦਾ ਕਹਿਣਾ ਹੈ ਕਿ ’’ਇਸ ਅਚਾਨਕ ਵਧੇ ਜੁੜਾਅ ਦੇ ਸਮੇਂ ’ਤੇ ਸਾਨੂੰ ਅਸਲ ਵਿੱਚ ਧਿਆਨ ਦੇਣ ਦੀ ਜ਼ਰੂਰਤ ਹੈ।’’ ਉਹ ਅੱਗੇ ਕਹਿੰਦੇ ਹਨ ਕਿ ਵੀਡੀਓ ਵਿੱਚ ਜੈਨਰੇਸ਼ਨ ਜ਼ੀ ਦੀ ਭਾਸ਼ਾ ਅਤੇ ਫਾਰਮੈੱਟ ਨੂੰ ਅਪਣਾਇਆ ਗਿਆ ਪ੍ਰਤੀਤ ਹੁੰਦਾ ਹੈ, ਪਰ ਉਹ ਉਨ੍ਹਾਂ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਅਸਫਲ ਰਹਿੰਦੇ ਹਨ ਜਿਨ੍ਹਾਂ ਨੇ ਵਿਰੋਧ ਪ੍ਰਦਰਸ਼ਨਾਂ ਨੂੰ ਹਵਾ ਦਿੱਤੀ। ਇਹ ਸਿਰਫ਼ ਮੋਦੀ ਦਾ ਅਕਾਊਂਟ ਨਹੀਂ ਹੈ। ਭਾਜਪਾ ਦੇ ਸੋਸ਼ਲ ਮੀਡੀਆ ਪੇਜ ਵੀ ਨੌਜਵਾਨ ਦਰਸ਼ਕਾਂ ਤੱਕ ਪਹੁੰਚਣ ਲਈ ਮੀਮਜ਼, ਬੋਲਚਾਲ ਦੀ ਭਾਸ਼ਾ ਅਤੇ ਹਰਮਨਪਿਆਰੇ ਸੰਸਕ੍ਰਿਤ ਦੇ ਸੰਦਰਭਾਂ ਦੀ ਵਰਤੋਂ ਕਰਨ ਲੱਗੇ ਹਨ।

ਵਿਰੋਧ ਪ੍ਰਦਰਸ਼ਨ ਖਤਮ ਹੋਣ ਦੇ ਕੁਝ ਹੀ ਸਮੇਂ ਬਾਅਦ ਭਾਜਪਾ ਨੇ ਇੱਕ ਜਿਮ ਵਿੱਚ ਫਿਲਮਾਈ ਗਈ ਵੀਡੀਓ ਪੋਸਟ ਕੀਤੀ। ਇਸ ਵਿੱਚ ਨੌਜਵਾਨ ਅਤੇ ਇੱਕ ਬਜ਼ੁਰਗ ਟਰੇਨਰ ਬਹਿਸ ਦੌਰਾਨ ਇਹ ਤਰਕ ਦਿੰਦੇ ਹੋਏ ਦਿਖਾਈ ਦਿੱਤੇ ਕਿ ਨੌਜਵਾਨ ਭਾਰਤੀਆਂ ਨੂੰ ਵਿਰੋਧ ਪ੍ਰਦਰਸ਼ਨਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਪਰ ਕਈ ਟਿੱਪਣੀਆਂ ਅਤੇ ਸ਼ੇਅਰ ਕਰਨ ਵਾਲਿਆਂ ਨੇ ਵੀਡੀਓ ਨੂੰ ’ਬੇਹੂਦਾ’ ਦੱਸਿਆ। ਭਾਜਪਾ ਦੁਆਰਾ ਪੋਸਟ ਕੀਤੇ ਗਏ ਇੱਕ ਹੋਰ ਵੀਡੀਓ ਵਿੱਚ 90 ਦੇ ਦਹਾਕੇ ਦੇ ਸਿਟਕਾਮ ’ਫਰੈਂਡਜ਼’ ਦਾ ਟਾਈਟਲ ਟਰੈਕ ਪਿਛੋਕੜ ਵਿੱਚ ਵੱਜ ਰਿਹਾ ਸੀ, ਜਿਸ ਵਿੱਚ ਕੈਪਸ਼ਨ ਸੀ, ’’ਪੀਐੱਮ ਮੋਦੀ ਤੁਹਾਡੇ ਲਈ ਹਨ।’’ ਇਹ ਉਸ ਸ਼ੋਅ ਦਾ ਸੰਦਰਭ ਸੀ ਜੋ ਮਿਲੇਨੀਅਲਜ਼ ਵਿਚਕਾਰ ਹਿੱਟ ਸੀ, ਪਰ ਜੈਨਰੇਸ਼ਨ ਜ਼ੀ ਵਿਚਕਾਰ ਇਸ ਦੀ ਯਾਦਾਸ਼ਤ ਬਹੁਤ ਘੱਟ ਹੈ। ਮਾਲੀਆ ਦਾ ਕਹਿਣਾ ਹੈ ਕਿ ਉਸ ਦੇ ਸਾਥੀਆਂ ਵਿਚਕਾਰ, ਇਸ ਵੀਡੀਓ ਨੂੰ ਰਾਜਨੀਤਕ ਸੰਦੇਸ਼ ਜਾਂ ਜਨਸੰਪਰਕ ਦੀ ਬਜਾਏ ’ਮਜ਼ਾਕੀਆ ਕੰਟੈਂਟ’ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ।

**ਸੋਸ਼ਲ ਮੀਡੀਆ ਬਾਬਤ ਕਿਹੜੀ ਸਲਾਹ ਦਿੱਤੀ**

ਰਿਪੋਰਟਾਂ ਦੇ ਮੁਤਾਬਿਕ ਭਾਜਪਾ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਨੌਜਵਾਨ ਦਰਸ਼ਕਾਂ ਤੱਕ ਪਹੁੰਚਣ ਦੇ ਉਸ ਦੇ ਯਤਨ ਉਮੀਦ ਦੇ ਮੁਤਾਬਿਕ ਸਫਲ ਨਹੀਂ ਹੋ ਰਹੇ ਹਨ। ਖ਼ਬਰਾਂ ਦੇ ਮੁਤਾਬਿਕ ਵਿਰੋਧ ਪ੍ਰਦਰਸ਼ਨਾਂ ਦੇ ਦੌਰਾਨ ਮੋਦੀ ਨੇ ਆਪਣੇ ਮੰਤਰੀ ਮੰਡਲ ਦੇ ਮੰਤਰੀਆਂ ਨੂੰ ਸੋਸ਼ਲ ਮੀਡੀਆ ’ਤੇ ਆਪਣੀ ਸਰਗਰਮੀ ਵਧਾਉਣ ਅਤੇ ਨੌਜਵਾਨਾਂ ਤੱਕ ਪਹੁੰਚਣ ਲਈ ਕਿਹਾ ਸੀ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਦੇ ਅਨੁਸਾਰ ਬੁੱਧਵਾਰ ਨੂੰ ਕੇਂਦਰੀ ਮੰਤਰੀਆਂ ਨੂੰ ਉਨ੍ਹਾਂ ਦੇ ਸੋਸ਼ਲ ਮੀਡੀਆ ਪ੍ਰਦਰਸ਼ਨ ’ਤੇ ਇੱਕ ’ਰਿਪੋਰਟ ਕਾਰਡ’ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਸਾਰੇ ਪਲੈਟਫਾਰਮਾਂ ’ਤੇ ਆਪਣੀ ਮੌਜੂਦਗੀ ਵਧਾਉਣ ਲਈ ਕਿਹਾ ਗਿਆ। ਹਾਲ ਹੀ ਵਿੱਚ ਪਾਰਟੀ ਨੇ ਆਪਣੇ ਸੋਸ਼ਲ ਮੀਡੀਆ ਪ੍ਰਮੁੱਖ ਅਮਿਤ ਮਾਲਵੀਆ ਨੂੰ ਵੀ ਬਦਲ ਦਿੱਤਾ ਜੋ 2015 ਤੋਂ ਇਸ ਅਹੁਦੇ ’ਤੇ ਸਨ। ਕੁਝ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਦਾ ਕਾਰਨ ਵਿਰੋਧ ਪ੍ਰਦਰਸ਼ਨਾਂ ਦੌਰਾਨ ਭਾਜਪਾ ’ਤੇ ਆਨਲਾਈਨ ਹੋ ਰਹੀ ਆਲੋਚਨਾ ਅਤੇ ਸੋਸ਼ਲ ਮੀਡੀਆ ’ਤੇ ਚੱਲ ਰਹੀ ਚਰਚਾ ਨੂੰ ਕੰਟਰੋਲ ਕਰਨ ਵਿੱਚ ਉਨ੍ਹਾਂ ਦੀ ਅਸਮਰੱਥਾ ਹੋ ਸਕਦੀ ਹੈ। ਨੌਜਵਾਨ ਦਰਸ਼ਕਾਂ ਨਾਲ ਜੁੜਨ ਦੀ ਕੋਸ਼ਿਸ਼ ਕਰਨ ਵਾਲੀ ਭਾਜਪਾ ਇਕੱਲੀ ਪਾਰਟੀ ਨਹੀਂ ਹੈ।

**’ਇੰਸਟਾਗ੍ਰਾਮ ’ਤੇ ਧਿਆਨ ਆਕਰਸ਼ਿਤ ਕਰਨਾ’**

ਕਾਂਗਰਸ ਨੇਤਾ ਰਾਹੁਲ ਗਾਂਧੀ ਜੋ ਅਕਸਰ ਇੰਸਟਾਗ੍ਰਾਮ ’ਤੇ ਸੈਲਫੀ-ਸਟਾਇਲ ਵੀਡੀਓ ਅਤੇ ਬੇਬਾਕ ਤਸਵੀਰਾਂ ਪੋਸਟ ਕਰਦੇ ਹਨ, ਨੇ ਵਿਰੋਧ ਪ੍ਰਦਰਸ਼ਨਾਂ ਦੇ ਬਾਅਦ ਇੰਸਟਾਗ੍ਰਾਮ ’ਤੇ ’ਆਸਕ ਮੀ ਐਨੀਥਿੰਗ’ (ਮੈਨੂੰ ਕੁਝ ਵੀ ਪੁੱਛੋ) ਸੈਸ਼ਨ ਵੀ ਕੀਤਾ ਸੀ ਜਿਸ ਵਿੱਚ ਉਨ੍ਹਾਂ ਨੇ ’’ਕੀ ਤੁਸੀਂ ਮੈਨੂੰ ਅਤੇ ਬੈਟਮੈਨ ਨੂੰ ਇੱਕ ਹੀ ਕਮਰੇ ਵਿੱਚ ਇਕੱਠੇ ਦੇਖਿਆ ਹੈ ?’’ ਵਰਗੇ ਮਜ਼ਾਕੀਆ ਜਵਾਬ ਦਿੱਤੇ। ਹਾਲਾਂਕਿ, ਇੰਸਟਾਗ੍ਰਾਮ ’ਤੇ ਧਿਆਨ ਆਕਰਸ਼ਿਤ ਕਰਨਾ ਇੱਕ ਗੱਲ ਹੈ ਅਤੇ ਉੱਥੋਂ ਦੀ ਗੱਲਬਾਤ ਨੂੰ ਕੰਟਰੋਲ ਕਰਨਾ ਦੂਜੀ ਗੱਲ। ਮਿਸ਼ੀਗਨ ਯੂਨੀਵਰਸਿਟੀ ਵਿੱਚ ਸੋਸ਼ਲ ਮੀਡੀਆ ਦੇ ਰਾਜਨੀਤਕ ਉਪਯੋਗ ਦਾ ਅਧਿਐਨ ਕਰਨ ਵਾਲੇ ਜੋਓਜੀਤ ਪਾਲ ਦਾ ਕਹਿਣਾ ਹੈ ਕਿ ਭਾਜਪਾ ਲੰਬੇ ਸਮੇਂ ਤੋਂ ਆਪਣੇ ਸੰਦੇਸ਼ਾਂ ਨੂੰ ਫੈਲਾਉਣ ਅਤੇ ਬਿਰਤਾਂਤ ਨੂੰ ਆਕਾਰ ਦੇਣ ਲਈ ਐਕਸ ਅਤੇ ਵ ?ਹਟਸਐਪ ’ਤੇ ਸਮਰਥਕਾਂ ਦੇ ਨੈੱਟਵਰਕ ’ਤੇ ਨਿਰਭਰ ਰਹੀ ਹੈ, ਪਰ ਇਹ ਇੰਸਟਾਗ੍ਰਾਮ ’ਤੇ ਕੰਮ ਨਹੀਂ ਕਰਦਾ ਹੈ। ਇਹ ਪਲੈਟਫਾਰਮ ਅਜਿਹੀ ਸਮੱਗਰੀ ਨੂੰ ਪ੍ਰੋਤਸਾਹਨ ਦਿੰਦਾ ਹੈ ਜੋ ਜ਼ਿਆਦਾ ਜੁੜਾਅ ਉਤਪੰਨ ਕਰਦੀ ਹੈ ਜਿਵੇਂ ਕਿ ਲੰਬੇ ਸਮੇਂ ਤੱਕ ਦੇਖਣਾ, ਬਾਰ-ਬਾਰ ਦੇਖਣਾ, ਸ਼ੇਅਰ ਕਰਨਾ ਅਤੇ ਟਿੱਪਣੀਆਂ ਕਰਨਾ। ਪਾਲ ਕਹਿੰਦੇ ਹਨ, ’’ਅਜਿਹੀ ਰੀਲ ਲੱਭਣਾ ਜ਼ਿਆਦਾ ਮੁਸ਼ਕਿਲ ਨਹੀਂ ਹੈ ਜਿਸ ਨੂੰ 200 ਫੋਲੋਅਰਜ਼ ਵਾਲੇ ਅਕਾਊਂਟ ਤੋਂ ਪੋਸਟ ਕੀਤਾ ਗਿਆ ਹੋਵੇ ਅਤੇ ਜਿਸ ਨੂੰ 10 ਮਿਲੀਅਨ ਵਿਊਜ਼ ਮਿਲੇ ਹੋਣ, ਜਦੋਂਕਿ ਵੱਡੀ ਗਿਣਤੀ ਵਿੱਚ ਫੋਲੋਅਰਜ਼ ਵਾਲੇ ਲੋਕਾਂ ਦੁਆਰਾ ਪੋਸਟ ਕੀਤੀ ਗਈ ਰੀਲ ਨੂੰ ਸਿਰਫ਼ ਕੁਝ ਹਜ਼ਾਰ ਵਿਊਜ਼ ਹੀ ਮਿਲਦੇ ਹਨ।’’ ’’ਇਹ ਭਾਜਪਾ ਲਈ ਇੱਕ ਚੁਣੌਤੀ ਹੈ ਕਿਉਂਕਿ ਉਸ ਦੀ ਰਣਨੀਤੀ ਨੈੱਟਵਰਕ-ਕੇਂਦਰਿਤ ਇੰਟਰਨੈੱਟ ਲਈ ਬਣਾਈ ਗਈ ਸੀ, ਜਦੋਂਕਿ ਅੱਜ ਦੇ ਪਲੈਟਫਾਰਮ ਕਿਧਰੇ ਜ਼ਿਆਦਾ ਭਾਵਨਾ ਕੇਂਦਰਿਤ ਹਨ।’’

ਵੀਡੀਓ ਪੋਸਟ ਹੋਣ ਦੇ ਬਾਅਦ ਕੀ ਹੁੰਦਾ ਹੈ, ਇਸ ’ਤੇ ਕੰਟਰੋਲ ਖੋਣਾ ਭਾਜਪਾ ਲਈ ਇੱਕ ਹੋਰ ਰੁਕਾਵਟ ਹੋ ਸਕਦੀ ਹੈ। ਮੋਦੀ ਦੀ ਪਹਿਲੀ ਰੀਲ ਜਿਸ ਨੂੰ 40 ਕਰੋੜ ਤੋਂ ਜ਼ਿਆਦਾ ਵਾਰ ਦੇਖਿਆ ਜਾ ਚੁੱਕਾ ਹੈ, ਇਸ ਦਾ ਇੱਕ ਸਟੀਕ ਉਦਾਹਰਨ ਹੈ। ਵਰਮਾ ਦਾ ਕਹਿਣਾ ਹੈ ਕਿ ਹਾਲਾਂਕਿ ਇਸ ਨੇ ਭਾਰੀ ਦਰਸ਼ਕ ਵਰਗ ਨੂੰ ਆਕਰਸ਼ਿਤ ਕੀਤਾ, ਪਰ ਨੌਜਵਾਨਾਂ ਨੇ ਵਿਅੰਗਾਤਮਕ ਅਤੇ ਮਜ਼ਾਕ ਉਡਾਉਣ ਵਾਲੇ ਸੰਪਾਦਨਾਂ ਨਾਲ ਇਸ ਨੂੰ ਦੁਬਾਰਾ ਸ਼ੇਅਰ ਕੀਤਾ, ਜਿਸ ਨਾਲ ਇਸ ਦਾ ਲਹਿਜਾ ਮੋਦੀ ਦੇ ਮੂਲ ਉਦੇਸ਼ ਤੋਂ ਬਿਲਕੁਲ ਅਲੱਗ ਹੋ ਗਿਆ। ਭਾਜਪਾ ਲਈ ਇਸ ਤਬਦੀਲੀ ਨੂੰ ਸਵੀਕਾਰ ਕਰਨਾ ਇੱਕ ਚੁਣੌਤੀ ਹੋ ਸਕਦੀ ਹੈ। ਵਰਮਾ ਕਹਿੰਦੇ ਹਨ, ’’ਇੰਸਟਾਗ੍ਰਾਮ ਮੂਲ ਰੂਪ ਨਾਲ ਵਿਅੰਗ ’ਤੇ ਆਧਾਰਿਤ ਇੱਕ ਮੰਚ ਹੈ। ਰੀਲ ਦੇ ਰੂਪ ਵਿੱਚ ਪੇਸ਼ ਕੀਤੇ ਗਏ ਗੰਭੀਰ ਰਾਜਨੀਤਕ ਸੰਦੇਸ਼ ਨੂੰ ਵੀ ਟਰੋਲ ਕੀਤਾ ਜਾ ਸਕਦਾ ਹੈ।’’ ਹਾਲਾਂਕਿ, ਮਾਹਿਰ ਭਾਜਪਾ ਦੁਆਰਾ ਜੈਨਰੇਸ਼ਨ ਜ਼ੀ ਨੂੰ ਲੁਭਾਉਣ ਦੇ ਯਤਨਾਂ ਨੂੰ ਜ਼ਿਆਦਾ ਮਹੱਤਵ ਦੇਣ ਪ੍ਰਤੀ ਸੁਚੇਤ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਾਰਟੀ ਦੀ ਚੋਣ ਸਫਲਤਾ ਅਜੇ ਵੀ ਇੰਸਟਾਗ੍ਰਾਮ ’ਤੇ ਉਸ ਦੀ ਸਮੱਗਰੀ ਦੇ ਪ੍ਰਦਰਸ਼ਨ ਦੀ ਤੁਲਨਾ ਵਿੱਚ ਉਸ ਦੀ ਸੰਗਠਨਾਤਮਕ ਸ਼ਕਤੀ ਅਤੇ ਵਫ਼ਾਦਾਰ ਸਮਰਥਕ ਆਧਾਰ ’ਤੇ ਕਿਧਰੇ ਜ਼ਿਆਦਾ ਨਿਰਭਰ ਕਰਦੀ ਹੈ। ਪਾਲ ਕਹਿੰਦੇ ਹਨ, ’’ਚੋਣ ਜਿੱਤਣ ਦੀ ਸਮਰੱਥਾ ਅਤੇ ਸੋਸ਼ਲ ਮੀਡੀਆ ’ਤੇ ਆਪਣੀ ਪਕੜ ਮਜ਼ਬੂਤ ਕਰਨ ਦੀ ਸਮਰੱਥਾ ਵਿੱਚ ਅੰਤਰ ਕਰਨਾ ਮਹੱਤਵਪੂਰਨ ਹੈ। ਬੇਸ਼ੱਕ ਸੋਸ਼ਲ ਮੀਡੀਆ ’ਤੇ ਹਰ ਜੈਨਰੇਸ਼ਨ ਜ਼ੈੱਡ ਦੇ ਲੋਕ ਭਾਜਪਾ ਨੂੰ ਨਫ਼ਰਤ ਕਰਦੇ ਹੋਣ, ਭਾਜਪਾ ਨਿਸ਼ਚਤ ਰੂਪ ਨਾਲ ਚੋਣਾਂ ਵਿੱਚ ਭਾਰੀ ਜਿੱਤ ਹਾਸਲ ਕਰਨ ਵਿੱਚ ਸਮਰੱਥ ਹੈ।’’ ਫਿਲਹਾਲ ਇਹ ਪਾਰਟੀ ਭਾਰਤ ਦੇ ਰਾਜਨੀਤਕ ਦ੍ਰਿਸ਼ ਵਿੱਚ ਕਈ ਹੋਰ ਪਾਰਟੀਆਂ ਵਾਂਗ ਅਣਜਾਣ ਖੇਤਰ ਵਿੱਚ ਕੰਮ ਕਰਨਾ ਸਿੱਖ ਰਹੀ ਹੈ। ਪਰ ਪਾਲ ਦਾ ਕਹਿਣਾ ਹੈ ਕਿ ਜੇਕਰ ਭਾਜਪਾ ਅੰਤ ਵਿੱਚ ਇਸ ਦਾ ਹੱਲ ਕੱਢ ਲੈਂਦੀ ਹੈ ਤਾਂ ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ। ਇਸ ਪਾਰਟੀ ਦਾ ਰਾਜਨੀਤਕ ਸੰਚਾਰ ਦੇ ਨਵੇਂ ਰੂਪਾਂ ਦੇ ਅਨੁਕੂਲ ਢਲਣ ਦਾ ਇੱਕ ਲੰਬਾ ਇਤਿਹਾਸ ਰਿਹਾ ਹੈ, ਜਿਸ ਵਿੱਚ ਚੋਣ ਪ੍ਰਚਾਰ ਲਈ ਸੋਸ਼ਲ ਮੀਡੀਆ ਨੂੰ ਅਪਣਾਉਣ ਵਾਲੀਆਂ ਸ਼ੁਰੂਆਤੀ ਪਾਰਟੀਆਂ ਵਿੱਚੋਂ ਇੱਕ ਹੋਣ ਤੋਂ ਲੈ ਕੇ ਪੌਡਕਾਸਟ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ (ਇਨਫਲੂਐਂਜ਼ਰਸ) ਨੂੰ ਇੰਟਰਵਿਊ ਵਰਗੇ ਨਵੇਂ ਸਰੂਪਾਂ ਨੂੰ ਅਪਣਾਉਣਾ ਸ਼ਾਮਲ ਹੈ। ਉਹ ਅੱਗੇ ਕਹਿੰਦੇ ਹਨ, ’’ਪਰ ਇਸ ਵਿੱਚ ਸਮਾਂ ਲੱਗੇਗਾ ਅਤੇ ਇਹ ਤੱਥ ਕਿ ਅਸੀਂ ਇਸ ਸਮੱਸਿਆ ਨੂੰ ਅਜੇ ਦੇਖ ਰਹੇ ਹਾਂ, ਇਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਨਿਯਮਾਂ ਦਾ ਇੱਕ ਨਵਾਂ ਸੈੱਟ ਸਿੱਖਣਾ ਹੋਵੇਗਾ।’’

## ਸਭ ਤੋਂ ਵੱਧ ਫੋਲੋਅਰਜ਼ ਵਾਲੇ ਲੀਡਰ

ਇੰਸਟਾਗ੍ਰਾਮ ’ਤੇ ਮੋਦੀ ਦੇ 10.6 ਕਰੋੜ ਤੋਂ ਜ਼ਿਆਦਾ ਫੋਲੋਅਰਜ਼ ਹਨ, ਜਿਸ ਨਾਲ ਉਹ ਇਸ ਪਲੈਟਫਾਰਮ ’ਤੇ ਸਭ ਤੋਂ ਜ਼ਿਆਦਾ ਫੋਲੋ ਕੀਤੇ ਜਾਣ ਵਾਲੇ ਸਿਆਸਤਦਾਨਾਂ ਵਿੱਚੋਂ ਇੱਕ ਬਣ ਗਏ ਹਨ।

ਪਰ ਮੰਚ ’ਤੇ ਉਨ੍ਹਾਂ ਦੇ ਸੰਚਾਰ ਦਾ ਲਹਿਜਾ ਕਦੇ ਵੀ ਉਨ੍ਹਾਂ ਦੀ ਟੀਮ ਜਾਂ ਭਾਰਤੀ ਜਨਤਾ ਪਾਰਟੀ ਦੀ ਸੋਸ਼ਲ ਮੀਡੀਆ ਰਣਨੀਤੀ ਦਾ ਕੇਂਦਰ ਬਿੰਦੂ ਨਹੀਂ ਸੀ, ਇਸ ਦੇ ਬਾਵਜੂਦ ਕਿ ਪਾਰਟੀ ਦੀ ਡਿਜੀਟਲ ਰਣਨੀਤੀ ਵਿੱਚ ਮੁਹਾਰਤ ਹਾਸਲ ਕਰਨ ਦੀ ਪ੍ਰਤਿਸ਼ਠਾ ਸੀ ਜਿਸ ਨੇ ਉਨ੍ਹਾਂ ਨੂੰ 2014 ਦੀ ਚੋਣ ਜਿੱਤਣ ਵਿੱਚ ਮਦਦ ਕੀਤੀ ਸੀ।

ਹਾਲਾਂਕਿ, ਇਸ ਸਾਲ ਭਾਰਤ ਵਿੱਚ ਹੋਏ ਨੌਜਵਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਬਾਅਦ ਹਾਲਾਤ ਬਦਲ ਗਏ।

ਵਿਅੰਗਾਤਮਕ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੀ ਅਗਵਾਈ ਵਿੱਚ ਇਹ ਅੰਦੋਲਨ ਮੀਮਜ਼, ਲਾਈਵਸਟਰੀਮ ਅਤੇ ਇੰਸਟਾਗ੍ਰਾਮ ਰੀਲਾਂ ਜ਼ਰੀਏ ਫੈਲਿਆ ਅਤੇ ਆਖਿਰ ਇੰਨਾ ਸ਼ਕਤੀਸ਼ਾਲੀ ਬਣ ਗਿਆ ਕਿ ਇੱਕ ਕੇਂਦਰੀ ਮੰਤਰੀ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ।ਸੀਜੇਪੀ ਦੀ ਸ਼ੁਰੂਆਤ ਇੱਕ ਮਜ਼ਾਕ ਦੇ ਤੌਰ ’ਤੇ ਹੋਈ ਸੀ, ਪਰ ਇਸ ਆਨਲਾਈਨ ਰੁਝਾਨ ਨੂੰ ਸੜਕਾਂ ’ਤੇ ਲਾਮਬੰਦੀ ਅਤੇ ਰਾਜਨੀਤਕ ਦਬਾਅ ਵਿੱਚ ਬਦਲਣ ਦੀ ਇਸ ਦੀ ਸਮਰੱਥਾ ਨੇ ਭਾਜਪਾ ਨੂੰ ਹੈਰਾਨ ਕਰ ਦਿੱਤਾ।

Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 368 | Website: www.preetnama.com Email preetnamausa@gmail.com | 28 AUGUST TO 03 SEPTEMBER, 2026

# ਸੋਨਾ ਲੱਭਣ ਲਈ ਇਸ ਪਿੰਡ ਵਿੱਚ ਜੁਟੀ ਹਜ਼ਾਰਾਂ ਦੀ ਭੀੜ, ਇੱਕ ਚਰਵਾਹੇ ਨੂੰ ਮਿਲਿਆ ਇੰਨੇ ਗ੍ਰਾਮ ਸੋਨਾ



ਪੱਛਮੀ ਕੀਨੀਆ ਦੇ ਇੱਕ ਦੂਰ-ਦੁਰਾਡੇ ਪਿੰਡ ਚੇਪੋਰੋਰ ਵਿੱਚ ਬਕਰੀਆਂ ਚਾਰਨ ਵਾਲੇ ਇੱਕ ਸ਼ਖਸ ਨੇ ਬੀਬੀਸੀ ਨੂੰ ਦੱਸਿਆ ਕਿ ਉਸ ਨੂੰ ਮਿਲੇ ਸੋਨੇ ਦੇ ਇੱਕ ਟੁੱਕੜੇ ਨੇ ਪਿਛਲੇ ਕੁਝ ਹਫ਼ਤਿਆਂ ਦੌਰਾਨ ਉਸ ਦੇ ਛੋਟੇ ਜਿਹੇ ਪਿੰਡ ਵਿੱਚ ਸੋਨੇ ਦੀ ਤਲਾਸ਼ ਕਰਨ ਵਾਲੇ ਲੋਕਾਂ ਦੀ ਭੀੜ ਲਗਾ ਦਿੱਤੀ ਹੈ। 33 ਸਾਲਾ ਮਾਨਸੇ ਲੋਮਾਚਾਰ ਨੇ ਕੁਝ ਹਫ਼ਤੇ ਪਹਿਲਾਂ ਤਿੰਨ ਗ੍ਰਾਮ ਸੋਨਾ 36,000 ਕੀਨੀਆਈ ਸ਼ਿਲਿੰਗ ਯਾਨੀ 280 ਡਾਲਰ ਵਿੱਚ ਵੇਚ ਦਿੱਤਾ। ਜਦੋਂ ਲੋਕਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਹਜ਼ਾਰਾਂ ਲੋਕ ਚੇਪੋਰੋਰ ਪਹੁੰਚਣ ਲੱਗ ਪਏ। ਹਾਲਾਤ ਇਹ ਬਣ ਗਏ ਹਨ ਕਿ ਪਿਛਲੇ ਮਹੀਨੇ ਤੱਕ ਪਿੰਡ ਦੇ ਨੇੜੇ ਸਿਰਫ਼ ਝਾੜੀਆਂ ਅਤੇ ਪਸ਼ੂ ਚਰਾਉਣ ਲਈ ਕੱਚੀ ਜ਼ਮੀਨ ਸੀ ਪਰ ਹੁਣ ਉੱਥੇ ਵੱਡੇ-ਵੱਡੇ ਟੋਏ, ਮਿੱਟੀ ਦੇ ਢੇਰ ਅਤੇ ਆਰਜ਼ੀ ਖਾਣ ਮਜ਼ਦੂਰਾਂ ਦੇ ਕੈਂਪ ਨਜ਼ਰ ਆ ਰਹੇ ਹਨ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਸੋਨੇ ਦੀ ਭਾਲ ਵਿੱਚ ਲੋਕਾਂ ਦੀ ਇਹ ਭੀੜ ਸਿਰਫ਼ ਲੋਮਾਚਾਰ ਨੂੰ ਮਿਲੇ ਸੋਨੇ ਕਾਰਨ ਹੋਈ ਜਾਂ ਹਾਲ ਹੀ ਵਿੱਚ ਹੋਈਆਂ ਦੂਜੀਆਂ ਖੋਜਾਂ ਨੇ ਵੀ ਇਸ ਵਿੱਚ ਭੂਮਿਕਾ ਨਿਭਾਈ। ਸਥਾਨਕ ਅਧਿਕਾਰੀਆਂ ਦਾ ਅਨੁਮਾਨ ਹੈ ਕਿ ਇੱਕ ਵਾਰ ਤਾਂ ਭੀੜ ਕਾਫੀ ਵੱਧ ਗਈ ਸੀ ਅਤੇ 10,000 ਲੋਕ ਇੱਥੇ ਪਹੁੰਚ ਗਏ ਸਨ।

ਸੋਨੇ ਦੀ ਥੋੜ੍ਹੀ ਜਿਹੀ ਮਾਤਰਾ ਵੀ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਬਦਲ ਸਕਦੀ ਹੈ ਜੋ ਕੀਨੀਆ ਅਤੇ ਯੂਗਾਂਡਾ ਦੇ ਨੇੜਲੇ ਇਲਾਕਿਆਂ ਤੋਂ ਆਏ ਹਨ, ਜਿਨ੍ਹਾਂ ਦੀ ਜ਼ਿੰਦਗੀ ਖੇਤੀ ਤੋਂ ਹੋਣ ਵਾਲੀ ਅਨਿਸ਼ਚਿਤ ਕਮਾਈ 'ਤੇ ਟਿਕੀ ਹੋਈ ਹੈ।

**ਇੰਨਾ ਸੋਨਾ ਮਿਲ ਜਾਵੇ ਕਿ ਸਕੂਲ ਦੀ ਫੀਸ ਭਰ ਸਕਾਂ**

ਇਨ੍ਹਾਂ ਇਲਾਕਿਆਂ ਵਿੱਚ ਲੋਕ ਕਦੇ-ਕਦਾਈਂ ਸੋਨੇ ਦੀ ਤਲਾਸ਼ ਵਿੱਚ ਦਰਿਆ ਦੀ ਰੇਤ ਛਾਣਦੇ ਹਨ ਪਰ ਉਨ੍ਹਾਂ ਨੂੰ ਬਹੁਤ ਘੱਟ ਹੀ ਕੁਝ ਖਾਸ ਮਿਲ ਪਾਉਂਦਾ ਹੈ। ਲੋਮਾਚਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਸੋਨਾ ਖੁਸ਼ਕਿਸਮਤੀ ਨਾਲ ਮਿਲਿਆ। ਆਪਣੀ ਗੁਆਚੀ ਹੋਈ ਬੱਕਰੀ ਨੂੰ ਲੱਭਦੇ ਸਮੇਂ ਉਨ੍ਹਾਂ ਦੀ ਮੁਲਾਕਾਤ ਨਦੀ ਕਿਨਾਰੇ ਸੋਨਾ ਤਲਾਸ਼ ਰਹੀਆਂ ਕੁਝ ਔਰਤਾਂ ਨਾਲ ਹੋਈ।

ਉਹ ਕਹਿੰਦੇ ਹਨ, ÷ਮੈਂ ਵੀ ਉਨ੍ਹਾਂ ਨਾਲ ਜੁੜ ਗਿਆ ਅਤੇ ਇਸੇ ਤਰ੍ਹਾਂ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਕਿ ਇਸ ਇਲਾਕੇ ਵਿੱਚ ਸੋਨਾ ਹੈ। ਝਲੇ ਪਿੰਡ ਨਾਪਾਵੋਈ ਦਾ ਕਿਸਾਨ ਅਤੇ ਚਰਵਾਹਾ ਪੈਟ੍ਰਿਕ ਲੋਕੋਲੀਆ ਵੀ ਆਪਣੇ ਪਰਿਵਾਰ ਦੀ ਮਦਦ ਲਈ ਕੁਝ ਹੋਰ ਪੈਸੇ ਕਮਾਉਣ ਦੀ ਉਮੀਦ ਨਾਲ ਸੋਨੇ ਦੀ ਤਲਾਸ਼ ਵਿੱਚ ਨਾਲ ਜੁੜ ਗਿਆ। ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, ÷ਮੇਰੇ ਬੱਚੇ ਸਕੂਲ ਵਿੱਚ ਪੜ੍ਹਦੇ ਹਨ ਅਤੇ ਉਨ੍ਹਾਂ ਦੀ ਫੀਸ ਭਰਨਾ ਮੇਰੇ ਲਈ ਵੱਡੀ ਸਮੱਸਿਆ ਰਹੀ ਹੈ। ਉਹ ਚੈਲਸੀ ਫੁੱਟਬਾਲ ਟੀਮ ਦੀ ਪੁਰਾਣੀ ਜਰਸੀ ਪਹਿਨੇ ਹੋਏ ਸੋਨਾ ਲੱਭਣ ਵਾਲੀ ਥਾਂ 'ਤੇ ਖੜ੍ਹੇ ਹਨ। 18 ਸਾਲਾ ਅਬੀਗੇਲ ਚੇਲੇਂਗਟ ਦਾ ਕਹਿਣਾ ਹੈ ਕਿ ਚੇਪੋਰੋਰ ਆਉਣ ਤੋਂ ਪਹਿਲਾਂ ਉਨ੍ਹਾਂ ਨੇ ਕਦੇ ਵੀ ਸੋਨਾ ਲੱਭਣ ਲਈ ਖੁਦਾਈ ਨਹੀਂ ਕੀਤੀ ਸੀ।

ਉਹ ਨੇੜਲੇ ਇੱਕ ਜ਼ਿਲ੍ਹੇ ਤੋਂ ਆਈ ਹੈ ਅਤੇ ਉਮੀਦ ਹੈ ਕਿ ਉਸ ਨੂੰ ਇੰਨਾ ਸੋਨਾ ਮਿਲ ਜਾਵੇਗਾ ਕਿ ਉਹ ਆਪਣੀ ਸਕੂਲ ਦੀ ਫੀਸ ਭਰ ਸਕੇ ਅਤੇ ਆਪਣੇ ਛੋਟੇ ਭੈਣ-ਭਰਾਵਾਂ ਦੀ ਪੜ੍ਹਾਈ ਜਾਰੀ ਰੱਖ ਸਕੇ।ਉਨ੍ਹਾਂ ਦੇ ਪਿੱਛੇ ਸੈਂਕੜੇ ਲੋਕ ਇੱਕ-ਦੂਜੇ ਦੇ ਨਾਲ ਮਿਲ ਕੇ ਕੰਮ ਕਰ ਰਹੇ ਹਨ। ਉਹ ਕੁਹਾੜੀਆਂ ਦੀ ਮਦਦ ਨਾਲ ਪੱਥਰੀਲੀ ਜ਼ਮੀਨ ਨੂੰ ਪੁੱਟ ਰਹੇ ਹਨ। ਕੁਝ ਲੋਕ ਮਿੱਟੀ ਨੂੰ ਨੇੜੇ ਦੀ ਇੱਕ ਨਦੀ ਤੱਕ ਲੈ ਜਾਂਦੇ ਹਨ। ਉੱਥੇ ਜ਼ਿਆਦਾਤਰ ਔਰਤਾਂ ਗੰਦਲੇ ਪਾਣੀ ਵਿੱਚ ਬੈਠ ਕੇ ਮਿੱਟੀ ਨੂੰ ਛਾਣਦੀਆਂ ਹਨ। ਉਨ੍ਹਾਂ ਨੂੰ ਉਮੀਦ ਰਹਿੰਦੀ ਹੈ ਕਿ ਇਸ ਵਿੱਚੋਂ ਸੋਨੇ ਦਾ ਕੋਈ ਛੋਟਾ ਜਿਹਾ ਕਣ ਹੀ ਮਿਲ ਜਾਵੇ। ਕੁਝ ਤਜਰਬੇਕਾਰ ਲੋਕ ਡੂੰਘੇ ਟੋਇਆਂ ਵਿੱਚ ਜਾ ਕੇ ਮਿੱਟੀ ਕੱਢ ਰਹੇ ਹਨ ਅਤੇ ਪੱਥਰਾਂ ਨੂੰ ਤੋੜ ਰਹੇ ਹਨ। ਉਨ੍ਹਾਂ ਦਾ ਮਕਸਦ ਵੀ ਸੋਨਾ ਲੱਭਣਾ ਹੀ ਹੈ। ਲੋਮਾਚਾਰ ਵਰਗੇ ਲੋਕਾਂ ਦੀਆਂ ਸਫਲਤਾ ਦੀਆਂ ਕਹਾਣੀਆਂ ਇਨ੍ਹਾਂ ਲੋਕਾਂ ਦੀ ਉਮੀਦ ਨੂੰ ਜ਼ਿੰਦਾ ਰੱਖ ਰਹੀਆਂ ਹਨ। ਵੈਸਟ ਪੋਕੋਟ ਕਾਊਂਟੀ ਦੇ ਡਿਪਟੀ ਕਮਿਸ਼ਨਰ ਸੈਮੂਅਲ ਕਿਆਰੀ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਖ਼ ?ਆਲ ਵਿੱਚ ਸੋਨੇ ਦੀ ਭਾਲ ਲਈ ਇਹ ਦੌੜ ਦੋ ਵੱਡੀਆਂ ਖੋਜਾਂ ਤੋਂ ਬਾਅਦ ਸ਼ੁਰੂ ਹੋਈ ਹੈ। ਉਹ ਬੀਬੀਸੀ ਨੂੰ ਦੱਸਦੇ ਹਨ, ÷ਕੁਝ ਨੌਜਵਾਨਾਂ ਨੂੰ ਕਾਫੀ ਮਾਤਰਾ ਵਿੱਚ ਸੋਨਾ ਮਿਲਿਆ। ਅਗਲੇ ਦਿਨ ਔਰਤਾਂ ਨੂੰ ਉਸੇ ਇਲਾਕੇ ਵਿੱਚ ਫਿਰ ਤੋਂ ਕਾਫੀ ਸੋਨਾ ਮਿਲਿਆ। ਕਿਆਰੀ ਦੱਸਦੇ ਹਨ ਕਿ ਔਰਤਾਂ ਕਈ ਸਾਲਾਂ ਤੋਂ ਇਸ ਨਦੀ ਕਿਨਾਰੇ ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਸੋਨਾ ਲੱਭਦੀਆਂ ਰਹੀਆਂ ਹਨ। ਇਸ ਨਾਲ ਉਹ ਆਮ ਤੌਰ 'ਤੇ ਹਫ਼ਤੇ ਵਿੱਚ 8 ਤੋਂ 23 ਡਾਲਰ ਤੱਕ ਕਮਾ ਲੈਂਦੀਆਂ ਹਨ।

ਇੱਕ ਅੰਦਾਜ਼ੇ ਮੁਤਾਬਕ ਸ਼ੁਰੂਆਤ ਵਿੱਚ 10 ਹਜ਼ਾਰ ਦੀ ਭੀੜ ਸੀ ਪਰ ਅਗਸਤ ਦੀ ਸ਼ੁਰੂਆਤ ਵਿੱਚ ਜ਼ਿਆਦਾ ਮਾਤਰਾ ਵਿੱਚ ਸੋਨਾ ਮਿਲਣ ਦੀਆਂ ਖ਼ਬਰਾਂ ਨੇ ਬਹੁਤ ਸਾਰੇ ਲੋਕਾਂ ਦਾ ਧਿਆਨ ਖਿੱਚਿਆ। ਕਿਆਰੀ ਦਾ ਮੰਨਣਾ ਹੈ ਕਿ ਜਿਵੇਂ-ਜਿਵੇਂ ਅਫ਼ਵਾਹਾਂ ਫੈਲੀਆਂ, ਸੋਨੇ ਦੀ ਖੋਜ ਅਤੇ ਉਸ ਦੀ ਮਾਤਰਾ ਨੂੰ ਵਧਾ-ਚੜ੍ਹਾ ਕੇ ਦੱਸਿਆ ਜਾਣ ਲੱਗਾ। ਇਸ ਕਾਰਨ ਵੱਡੀ ਗਿਣਤੀ ਵਿੱਚ ਲੋਕ ਇੱਥੇ ਪਹੁੰਚਣ ਲੱਗੇ। ਇਨ੍ਹਾਂ ਵਿੱਚੋਂ ਕਈਆਂ ਨੂੰ ਖੁਦਾਈ ਦਾ ਬਿਲਕੁੱਲ ਜਾਂ ਬਹੁਤ ਘੱਟ ਤਜਰਬਾ ਸੀ। ਉਹ ਸੋਨਾ ਮਿਲਣ ਦੀ ਉਮੀਦ ਵਿੱਚ ਇੱਥੇ ਆਏ ਸਨ।

ਸ਼ੁਰੂਆਤ ਵਿੱਚ ਆਈ ਭੀੜ ਤੋਂ ਬਾਅਦ ਹੁਣ ਸੋਨਾ ਲੱਭਣ ਵਾਲਿਆਂ ਦੀ ਗਿਣਤੀ ਘੱਟ ਕੇ ਕਰੀਬ 2500 ਰਹਿ ਗਈ ਹੈ, ਕਿਉਂਕਿ ਕੁਝ ਲੋਕਾਂ ਨੇ ਸੋਨੇ ਦੀ ਤਲਾਸ਼ ਛੱਡ ਦਿੱਤੀ ਹੈ। ਹਾਲਾਂਕਿ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਇਲਾਕੇ ਵਿੱਚ ਕੁਝ ਸੋਨਾ ਮਿਲਿਆ ਹੈ ਪਰ ਜ਼ਮੀਨ ਦੇ ਅੰਦਰ ਸੋਨੇ ਦੀ ਮਾਤਰਾ ਕਿੰਨੀ ਹੈ ਅਤੇ ਵਪਾਰਕ ਪੱਧਰ 'ਤੇ ਇਸ ਤੋਂ ਕਿੰਨਾ ਲਾਭ ਹੋ ਸਕਦਾ ਹੈ, ਇਸ ਬਾਰੇ ਸਵਾਲ ਅਜੇ ਵੀ ਬਣੇ ਹੋਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ, ÷ਮੈਂ ਇਹ ਪ੍ਰਸ਼ਟੀ ਕਰ ਸਕਦਾ ਹਾਂ ਕਿ ਛੋਟੇ ਪੱਧਰ 'ਤੇ ਸੋਨੇ ਦਾ ਕਾਰੋਬਾਰ ਕਰਨ ਵਾਲਿਆਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਕੋਲ ਹਰ ਰੋਜ਼ ਔਸਤਨ ਲਗਭਗ 100 ਲੋਕ ਆਉਂਦੇ ਸਨ।÷ ਹਾਲਾਂਕਿ, ਇਹ ਪਤਾ ਨਹੀਂ ਹੈ ਕਿ ਮਿਲੀਆਂ ਚੀਜ਼ਾਂ ਅਸਲ ਵਿੱਚ ਸੋਨਾ ਹੀ ਸਨ ਜਾਂ ਨਹੀਂ। ਰਿਪੋਰਟਾਂ ਮੁਤਾਬਕ, ਵੱਖ-ਵੱਖ ਲੋਕਾਂ ਨੂੰ ਮਿਲੇ ਸੋਨੇ ਦੀ ਕੀਮਤ ਕੁਝ ਸੌ ਕੀਨੀਆਈ ਸ਼ਿਲਿੰਗ ਤੋਂ ਲੈ ਕੇ ਇੱਕ ਅਜਿਹੀ ਖੋਜ ਤੱਕ ਹੈ ਜਿਸ ਦੀ ਕੀਮਤ ਲਗਭਗ 78,000 ਸ਼ਿਲਿੰਗ (600 ਡਾਲਰ) ਦੱਸੀ ਗਈ ਹੈ।

ਵੈਸਟ ਪੋਕੋਟ ਕਾਊਂਟੀ ਦੀ ਸਰਹੱਦ ਯੂਗਾਂਡਾ ਨਾਲ ਲੱਗਦੀ ਹੈ ਅਤੇ ਦੋਵੇਂ ਪਾਸੇ ਰਹਿਣ ਵਾਲੇ ਭਾਈਚਾਰਿਆਂ ਵਿਚਕਾਰ ਲੰਬੇ ਸਮੇਂ ਤੋਂ ਸਮਾਜਿਕ ਅਤੇ ਪਰਿਵਾਰਕ ਰਿਸ਼ਤੇ ਹਨ। ਪੂਰਬੀ ਯੂਗਾਂਡਾ ਦੇ ਬੁਸੀਆ ਤੋਂ ਆਏ ਖਣਨ ਮਜ਼ਦੂਰ ਮੁਗੀਸ਼ਾ ਗੌਡਫਰੇ ਨੇ ਇੱਕ ਦੋਸਤ ਤੋਂ ਸੋਨੇ ਦੀ ਖੋਜ ਬਾਰੇ ਸੁਣਨ ਤੋਂ ਬਾਅਦ ਚੇਪੋਰੋਰ ਦਾ ਰੁਖ ਕੀਤਾ।

ਉਹ ਤੁਰੰਤ ਪਿੰਡ ਵੱਲ ਰਵਾਨਾ ਹੋ ਗਏ ਅਤੇ ਉੱਥੇ ਪਹੁੰਚਣ ਲਈ ਲਗਭਗ 100,000 ਯੂਗਾਂਡਾਈ ਸ਼ਿਲਿੰਗ (27 ਡਾਲਰ) ਖਰਚ ਕੀਤੇ। ਹਾਲਾਂਕਿ, ਉਨ੍ਹਾਂ ਦਾ ਕਹਿਣਾ ਹੈ ਕਿ ਚੇਪੋਰੋਰ ਵਿੱਚ ਰਹਿਣ ਦੇ ਹਾਲਾਤ ਚੰਗੇ ਨਹੀਂ ਹਨ। ਗੌਡਫਰੇ ਨੇ ਮੀਡੀਆ ਨੂੰ ਦੱਸਿਆ, ਅਸੀਂ ਦਰੱਖਤਾਂ ਹੇਠਾਂ ਸੌਂਦੇ ਹਾਂ ਅਤੇ ਸਵੇਰ ਹੁੰਦੇ ਹੀ ਮੁੜ ਇਸ 'ਤੇ ਲੱਗ ਜਾਂਦੇ ਹਾਂ। ਕਈ ਵਾਰ ਅਸੀਂ ਦਿਨ-ਰਾਤ ਕੰਮ ਕਰਦੇ ਹਾਂ।÷ ਹੁਣ ਤੱਕ ਉਨ੍ਹਾਂ ਨੂੰ ਕੁਝ ਵੀ ਨਹੀਂ ਮਿਲਿਆ ਪਰ ਉਹ ਨਿਰਾਸ਼ ਨਹੀਂ ਹਨ। ਉਹ ਕਹਿੰਦੇ ਹਨ, ÷ਜਦੋਂ ਤੱਕ ਸਾਨੂੰ ਕੁਝ ਨਹੀਂ ਮਿਲ ਜਾਂਦਾ, ਅਸੀਂ ਵਾਪਸ ਨਹੀਂ ਜਾ ਸਕਦੇ। ਜਦੋਂ ਸਾਨੂੰ ਉਹ ਮਿਲ ਜਾਵੇਗਾ ਜਿਸ ਦੀ ਸਾਨੂੰ ਲੋੜ ਹੈ, ਉਸ ਤੋਂ ਬਾਅਦ ਹੀ ਅਸੀਂ ਘਰ ਵਾਪਸ ਜਾਵਾਂਗੇ।

**ਜ਼ਮੀਨ 'ਤੇ ਹਰ ਪਾਸੇ ਖੱਡ ਨਜ਼ਰ ਆ ਰਹੇ...**

ਅਧਿਕਾਰੀ ਇਸ ਗੱਲ ਨੂੰ ਲੈ ਕੇ ਵੀ ਚਿੰਤਤ ਹਨ ਕਿ ਸਤੰਬਰ ਵਿੱਚ ਸਕੂਲ ਮੁੜ ਖੁੱਲ੍ਹਣ ਵਾਲੇ ਹਨ ਪਰ ਆਉਣ ਵਾਲੇ ਦਿਨਾਂ ਵਿੱਚ ਬੱਚੇ ਵੀ ਸੋਨੇ ਦੀ ਖੁਦਾਈ ਦੇ ਕੰਮ ਵਿੱਚ ਸ਼ਾਮਿਲ ਹੋ ਸਕਦੇ ਹਨ। ਸਕੂਲ ਦਾ ਨਵਾਂ ਸੈਸ਼ਨ ਸ਼ੁਰੂ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਇਸ ਥਾਂ 'ਤੇ ਜਾਣ ਤੋਂ ਰੋਕਣ ਲਈ ਕਦਮ ਚੁੱਕੇ ਜਾ ਰਹੇ ਹਨ। ਜਿਹੜੇ ਲੋਕ ਅਜੇ ਵੀ ਸੋਨੇ ਦੀ ਭਾਲ ਕਰ ਰਹੇ ਹਨ, ਉਹ ਹੁਣ ਹੋਰ ਡੂੰਘੀ ਖੁਦਾਈ ਕਰਨ ਵਿੱਚ ਲੱਗੇ ਹਨ। ਖੁਦਾਈ ਤੋਂ ਨਿਕਲੀ ਮਿੱਟੀ ਅਤੇ ਪੱਥਰਾਂ ਨਾਲ ਭਰੇ ਕਈ ਟਰੱਕ ਪਹਿਲਾਂ ਹੀ ਨੇੜਲੇ ਔਰਟੁਮ ਸ਼ਹਿਰ ਵਿੱਚ ਭੇਜੇ ਜਾ ਚੁੱਕੇ ਹਨ, ਜਿੱਥੇ ਇਨ੍ਹਾਂ ਦੀ ਜਾਂਚ ਕੀਤੀ ਜਾਵੇਗੀ। ਅਧਿਕਾਰੀ ਇਸ ਦੇ ਨਤੀਜਿਆਂ ਦਾ ਇੰਤਜ਼ਾਰ ਕਰ ਰਹੇ ਹਨ। ਉਦੋਂ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਇੱਥੇ ਕਿੰਨਾ ਸੋਨਾ ਹੈ ਅਤੇ ਵਪਾਰਕ ਤੌਰ 'ਤੇ ਇਸ ਨਾਲ ਕਿੰਨਾ ਫਾਇਦਾ ਹੋ ਸਕਦਾ ਹੈ। ਲੋਮਾਚਾਰ ਦਾ ਮੰਨਣਾ ਹੈ ਕਿ ਸੋਨੇ ਦੀ ਖੁਦਾਈ ਬੰਦ ਕਰਨਾ ਇਸ ਦਾ ਹੱਲ ਨਹੀਂ ਹੈ ਬਲਕਿ ਇਸ ਨੂੰ ਬਿਹਤਰ ਤਰੀਕੇ ਨਾਲ ਕਰਨਾ ਚਾਹੀਦਾ ਹੈ।

ਉਹ ਚਾਹੁੰਦੇ ਹਨ ਕਿ ਸਰਕਾਰ ਸਥਾਨਕ ਖਣਨ ਮਜ਼ਦੂਰਾਂ ਦੀ ਮਦਦ ਕਰੇ ਤਾਂ ਜੋ ਉਹ ਸੋਨਾ ਲੱਭਣ ਅਤੇ ਕੱਢਣ ਲਈ ਹੋਰ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਤਰੀਕੇ ਅਪਣਾ ਸਕਣ। ਉਹ ਕਹਿੰਦੇ ਹਨ, ÷ਅਸੀਂ ਸਰਕਾਰ ਤੋਂ ਮੈਟਲ ਡਿਟੈਕਟਰ ਵਰਗੀਆਂ ਚੀਜ਼ਾਂ ਲਈ ਮਦਦ ਮੰਗਾਂਗੇ। ਇਸ ਨਾਲ ਸਾਨੂੰ ਇਹ ਪਤਾ ਲਗਾਉਣ ਵਿੱਚ ਮਦਦ ਮਿਲ ਸਕਦੀ ਹੈ ਕਿ ਇੱਥੇ ਹੋਰ ਖਣਿਜ ਵੀ ਹਨ ਜਾਂ ਨਹੀਂ ਤਾਂ ਜੋ ਸਾਡਾ ਇਲਾਕਾ ਵਿਕਸਿਤ ਹੋ ਸਕੇ।÷ ਉਹ ਨੇੜਲੇ ਘਰਾਂ ਵੱਲ ਇਸ਼ਾਰਾ ਕਰਦਿਆਂ ਇਲਾਕੇ ਵਿੱਚ ਮੌਜੂਦ ਗਰੀਬੀ ਵੱਲ ਧਿਆਨ ਦਿਵਾਉਂਦੇ ਹਨ। ਉਹ ਕਹਿੰਦੇ ਹਨ, ÷ਜੇ ਤੁਸੀਂ ਆਲੇ-ਦੁਆਲੇ ਦੇਖੋ ਤਾਂ ਸ਼ਾਇਦ ਹੀ ਕੋਈ ਅਜਿਹਾ ਘਰ ਮਿਲੇ ਜਿਸ ਦੀ ਛੱਤ ਲੋਹੇ ਦੀਆਂ ਚਾਦਰਾਂ ਦੀ ਬਣੀ ਹੋਵੇ। ਜ਼ਿਆਦਾਤਰ ਘਰ ਸਿਰਫ਼ ਘਾਹ-ਫੂਸ ਦੀਆਂ ਛੱਤਾਂ ਵਾਲੇ ਹਨ।÷

## ਔਰਤਾਂ ਖਿਲਾਫ ਜਿਣਸੀ ਹਿੰਸਾ ਦਾ ਡਰ

ਹਾਲਾਂਕਿ ਸੋਨੇ ਦੀ ਤਲਾਸ਼ ਵਿੱਚ ਲੱਗੀ ਇਸ ਭੀੜ ਨੇ ਕੁਝ ਲੋਕਾਂ ਲਈ ਬਿਨ੍ਹਾਂ ਖੁਦਾਈ ਕੀਤੇ ਹੀ ਕਮਾਈ ਦੇ ਮੌਕੇ ਪੈਦਾ ਕਰ ਦਿੱਤੇ ਹਨ। ਸਥਾਨਕ ਅਧਿਕਾਰੀਆਂ ਮੁਤਾਬਕ, ਖਣਨ ਵਾਲੀ ਥਾਂ ਦੇ ਆਲੇ-ਦੁਆਲੇ 200 ਤੋਂ ਵੱਧ ਦੁਕਾਨਾਂ ਅਤੇ ਕਾਰੋਬਾਰ ਸ਼ੁਰੂ ਹੋ ਗਏ ਹਨ। ਇਹ ਪਿੰਡ ਵਿੱਚ ਆਏ ਨਵੇਂ ਲੋਕਾਂ ਨੂੰ ਖਾਣਾ, ਪਾਣੀ ਅਤੇ ਹੋਰ ਜ਼ਰੂਰੀ ਸਮਾਨ ਵੇਚ ਰਹੇ ਹਨ। ਗੁਆਂਢੀ ਬਾਰਿੰਗੋ ਕਾਊਂਟੀ ਤੋਂ ਆਏ ਆਇਰੀਨ ਅਮੇਜਾ ਭੀੜ ਲਈ ਸਮਾਨ ਵੇਚ ਰਹੇ ਹਨ। ਉਹ ਬੋਤਲਬੰਦ ਪਾਣੀ, ਸਾਫਟ ਡ੍ਰਿੰਕਸ, ਬਰੈੱਡ, ਦੁੱਧ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਵੇਚਦੇ ਹਨ। ਉਹ ਕਹਿੰਦੇ ਹਨ, ÷ਮੈਨੂੰ ਉਮੀਦ ਹੈ ਕਿ ਜਦੋਂ ਮੈਂ ਇੱਥੋਂ ਜਾਵਾਂਗੀ ਤਾਂ ਮੇਰੇ ਕੋਲ ਇੰਨੇ ਪੈਸੇ ਹੋਣਗੇ ਕਿ ਮੈਂ ਆਪਣਾ ਕਾਰੋਬਾਰ ਜਾਰੀ ਰੱਖ ਸਕਾਂ ਅਤੇ ਇਸ ਨੂੰ ਵਧਾ ਸਕਾਂ।÷ ਪਰ ਇਸ ਇਲਾਕੇ ਵਿੱਚ ਬੁਨਿਆਦੀ ਸਹੂਲਤਾਂ ਦੀ ਘਾਟ ਵੀ ਸਾਹਮਣੇ ਆਈ ਹੈ। ਆਇਰੀਨ ਕਹਿੰਦੇ ਹਨ, ÷ਇਹ ਇੱਕ ਜੰਗਲੀ ਇਲਾਕਾ ਹੈ ਅਤੇ ਅਸੀਂ ਪਹਾੜਾਂ ਦੇ ਵਿਚਕਾਰ ਹਾਂ। ਸਾਡੇ ਕੋਲ ਪੀਣ ਲਈ ਸਾਫ਼ ਪਾਣੀ ਨਹੀਂ ਹੈ, ਇੱਥੋਂ ਤੱਕ ਕਿ ਨਹਾਉਣ ਲਈ ਵੀ ਪਾਣੀ ਨਹੀਂ ਹੈ। ਉਹ ਅੱਗੇ ਦੱਸਦੇ ਹਨ ਕਿ ਔਰਤਾਂ ਲਈ ਹਨੇਰਾ ਹੋਣ ਤੋਂ ਬਾਅਦ ਚੁਣੌਤੀਆਂ ਹੋਰ ਵੱਧ ਜਾਂਦੀਆਂ ਹਨ। ਉਹ ਕਹਿੰਦੇ ਹਨ, ÷ਤੁਹਾਨੂੰ ਰਹਿਣ ਲਈ ਕੋਈ ਸੁਰੱਖਿਅਤ ਥਾਂ ਲੱਭਣੀ ਪੈਂਦੀ ਹੈ, ਕਿਉਂਕਿ ਇੱਥੇ ਜ਼ਿਆਦਾਤਰ ਲੋਕ ਮਰਦ ਹਨ। ਸਥਾਨਕ ਅਧਿਕਾਰੀ ਮੰਨਦੇ ਹਨ ਕਿ ਵੱਡੀ ਗਿਣਤੀ ਵਿੱਚ ਲੋਕਾਂ ਦੇ ਇੱਥੇ ਪਹੁੰਚਣ ਨਾਲ ਅਜਿਹੇ ਇਲਾਕੇ 'ਤੇ ਬਹੁਤ ਜ਼ਿਆਦਾ ਦਬਾਅ ਪਿਆ ਹੈ, ਜਿੱਥੇ ਬੁਨਿਆਦੀ ਢਾਂਚਾ ਬਹੁਤ ਘੱਟ ਹੈ। ਪਾਈਪ ਨਾਲ ਪਾਣੀ ਦੀ ਵਿਵਸਥਾ ਨਹੀਂ ਹੈ ਅਤੇ ਸਾਫ-ਸਫਾਈ ਦੀਆਂ ਸਹੂਲਤਾਂ ਵੀ ਸੀਮਿਤ ਹਨ। ਲੋਕਾਂ ਦੀ ਹਾਲਤ 'ਤੇ ਨਜ਼ਰ ਰੱਖਣ ਅਤੇ ਬਿਮਾਰੀਆਂ ਫੈਲਣ ਤੋਂ ਰੋਕਣ ਲਈ ਸਿਹਤ ਵਿਭਾਗ ਦੇ ਕਰਮਚਾਰੀਆਂ ਨੂੰ ਤਾਇਨਾਤ ਕੀਤਾ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਿਣਸੀ ਹਿੰਸਾ ਅਤੇ ਇੱਥੇ ਮੌਜੂਦ ਔਰਤਾਂ ਅਤੇ ਕੁੜੀਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਦੇ ਮੱਦੇਨਜ਼ਰ ਸੁਰੱਖਿਆ ਗਸ਼ਤ ਵੀ ਵਧਾ ਦਿੱਤੀ ਗਈ ਹੈ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 368

Website: www.preetnama.com Email preetnamausa@gmail.com

28 AUGUST TO 03 SEPTEMBER, 2026




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 368

Website: www.preetnama.com Email preetnamausa@gmail.com

28 AUGUST TO 03 SEPTEMBER, 2026




# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama
www.preetnama.com
+1 (201) 312-4180





PRITPAL KAUR
Editor-In-Chief
+1 201-312-4180
+1 917-328-8436

ADVISORY BOARD

Joga Singh
Jaswinder Singh New Jersey
Mindi Manak NewYork
Jagjit Singh Dasuya
Gurmeet Singh Dhalwan Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar (Bhagata Bhaika) Vancouver,

Sunil Kumar Gund (Journalist) India
Raj Rani Video editor
Jagmeet Kaur 97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਰੰਗੀਨ ਸ਼ਾਲ, ਨੀਲੀ ਪੱਗ ਅਤੇ ਕਾਲਾ ਕੁੜਤਾ: ਪੰਜਾਬੀ ਸ਼ਾਨ ਦਾ ਪਹਿਰਾਵਾ

**ਸੁਰਜੀਤ ਸਿੰਘ ਫਲੋਰਾ**

ਸਰਦੀਆਂ ਦੇ ਕਿਸੇ ਮੇਲੇ ਵਿੱਚ ਕਾਲੇ ਕੁੜਤੇ ਉੱਤੇ ਰੰਗੀਨ ਸ਼ਾਲ ਅਤੇ ਸਿਰ ਉੱਤੇ ਗੂੜ੍ਹੀ ਨੀਲੀ ਪੱਗ ਦੂਰੋਂ ਹੀ ਨਜ਼ਰ ਖਿੱਚ ਲੈਂਦੀ ਹੈ। ਇਹ ਦਿੱਖ ਸਿਰਫ਼ ਰੰਗਾਂ ਦੀ ਚੋਣ ਨਹੀਂ ਹੁੰਦੀ, ਇਸ ਵਿੱਚ ਪੰਜਾਬ ਦੀ ਅਣਖ, ਮੌਸਮ ਦੀ ਬਦਲ ਅਤੇ ਪਰਿਵਾਰਕ ਯਾਦਾਂ ਵੀ ਸ਼ਾਮਲ ਹੁੰਦੀਆਂ ਹਨ।

ਰੰਗੀਨ ਸ਼ਾਲ, ਨੀਲੀ ਪੱਗ ਅਤੇ ਕਾਲਾ ਕੁੜਤਾ ਇੱਕ ਅਜਿਹਾ ਮੇਲ ਹੈ ਜੋ ਪਿੰਡ ਦੇ ਅਖਾੜੇ, ਵਿਆਹ ਦੇ ਵਿਹੜੇ ਅਤੇ ਸੱਭਿਆਚਾਰਕ ਮੰਚ ਉੱਤੇ ਇਕੋ ਜਿਹੀ ਪਛਾਣ ਬਣਾਉਂਦਾ ਹੈ। ਪੱਗ ਦੀ ਮਰਿਆਦਾ, ਕੁੜਤੇ ਦੀ ਸਾਦਗੀ ਅਤੇ ਸ਼ਾਲ ਦੀ ਕਲਾ ਇਸ ਪਹਿਰਾਵੇ ਨੂੰ ਫੈਸ਼ਨ ਤੋਂ ਵੱਡਾ ਅਰਥ ਦਿੰਦੀਆਂ ਹਨ।

ਇਸ ਪਹਿਰਾਵੇ ਦਾ ਪ੍ਰਭਾਵ ਇਸਦੇ ਸੰਤੁਲਨ ਵਿੱਚ ਹੈ। ਕਾਲਾ ਰੰਗ ਗੰਭੀਰਤਾ ਅਤੇ ਰੋਹਬ ਲਿਆਉਂਦਾ ਹੈ, ਜਦਕਿ ਨੀਲੀ ਪੱਗ ਚਿਹਰੇ ਅਤੇ ਦਸਤਾਰ ਨੂੰ ਉਭਾਰਦੀ ਹੈ। ਰੰਗੀਨ ਸ਼ਾਲ ਇਸ ਸਾਦੇ ਆਧਾਰ ਵਿੱਚ ਗਰਮੀ ਅਤੇ ਚਮਕ ਜੋੜ ਦਿੰਦੀ ਹੈ।

ਨੀਲਾ ਅਤੇ ਕਾਲਾ ਗੂੜ੍ਹੇ ਰੰਗ ਹਨ, ਇਸ ਲਈ ਲਾਲ, ਪੀਲੀ, ਕੇਸਰੀ ਜਾਂ ਫੁਲਕਾਰੀ ਵਾਲੀ ਸ਼ਾਲ ਉਨ੍ਹਾਂ ਨਾਲ ਸੁਹਾਵਣਾ ਵਿਰੋਧ ਬਣਾਉਂਦੀ ਹੈ। ਇਹੋ ਕਾਰਨ ਹੈ ਕਿ ਰੰਗੀਨ ਸ਼ਾਲ, ਨੀਲੀ ਪੱਗ ਅਤੇ ਕਾਲਾ ਕੁੜਤਾ ਕਈ ਪੰਜਾਬੀ ਸਮਾਗਮਾਂ ਵਿੱਚ ਵਾਰ-ਵਾਰ ਦਿਖਾਈ ਦਿੰਦੇ ਹਨ।

**ਕਾਲੇ ਕੁੜਤੇ ਦੀ ਸਾਦਗੀ ਵਿੱਚ ਲੁਕਿਆ ਰੋਹਬ**

ਸਾਦਾ ਕਾਲਾ ਕੁੜਤਾ ਆਪਣੇ ਕੱਪੜੇ ਦੀ ਬਣਤਰ ਨਾਲ ਪ੍ਰਭਾਵ ਛੱਡਦਾ ਹੈ। ਸਰਦੀਆਂ ਲਈ ਖੱਦਰ, ਮੋਟਾ ਸੂਤੀ ਕੱਪੜਾ ਜਾਂ ਹਲਕਾ ਉਨੀਂ ਮਿਲਾਵਟ ਵਾਲਾ ਫੈਬਰਿਕ ਸੁਖਦਾਇਕ ਰਹਿੰਦਾ ਹੈ। ਬਹੁਤ ਪਤਲਾ ਕੱਪੜਾ ਸਰਦੀਆਂ ਦੀ ਸ਼ਾਲ ਨਾਲ ਬੇਮੇਲ ਲੱਗ ਸਕਦਾ ਹੈ।

ਹਲਕੀ ਕਢਾਈ ਵਾਲਾ ਕਾਲਾ ਕੁੜਤਾ ਵਿਆਹ ਜਾਂ ਰਾਤ ਦੇ ਸਮਾਗਮ ਲਈ ਢੁੱਕਵਾਂ ਹੈ। ਪਰ ਭਾਰੀ ਸੁਨਹਿਰੀ ਕਢਾਈ ਪੱਗ ਅਤੇ ਸ਼ਾਲ ਦੀ ਆਪਣੀ ਸੁੰਦਰਤਾ ਦਬਾ ਸਕਦੀ ਹੈ। ਘੁੱਟਣਾਂ ਤੱਕ ਜਾਂ ਉਸ ਤੋਂ ਹੇਠਾਂ ਲੰਬਾ ਕੁੜਤਾ ਚਾਦਰੇ ਨਾਲ ਰਵਾਇਤੀ ਦਿੱਖ ਦਿੰਦਾ ਹੈ।

ਕਾਲੇ ਪਜਾਮੇ ਨਾਲ ਇਹ ਜੋੜੀ ਇੱਕਰੰਗੀ ਅਤੇ ਗੰਭੀਰ ਲੱਗਦੀ ਹੈ। ਚਿੱਟਾ ਪਜਾਮਾ ਕਾਲੇ ਕੁੜਤੇ ਨੂੰ ਚਟਾਕੇ ਨਾਲ ਉਭਾਰਦਾ ਹੈ, ਜਦਕਿ ਚਾਦਰਾ ਪੇਂਡੂ ਪੰਜਾਬੀ ਪਛਾਣ ਨੂੰ ਮਜ਼ਬੂਤ ਕਰਦਾ ਹੈ।

**ਨੀਲੀ ਪੱਗ ਅਤੇ ਰੰਗੀਨ ਸ਼ਾਲ ਦਾ ਸੰਤੁਲਿਤ ਮੇਲ**

ਗੂੜ੍ਹੀ ਨੀਲੀ ਪੱਗ ਨਾਲ ਲਾਲ ਫੁਲਕਾਰੀ ਵਾਲੀ ਸ਼ਾਲ ਖਾਸ ਤੌਰ ਉੱਤੇ ਖਿੜਦੀ ਹੈ। ਪੀਲੀ ਜਾਂ ਕੇਸਰੀ ਸ਼ਾਲ ਲੋਹੜੀ ਅਤੇ ਵਿਸਾਖੀ ਵਰਗੇ ਰੌਣਕ ਵਾਲੇ ਮੌਕਿਆਂ ਲਈ ਜੱਚਦੀ ਹੈ। ਚਿੱਟੀ ਸ਼ਾਲ ਇਸੇ ਜੋੜੀ ਨੂੰ ਸੰਯਮਿਤ ਅਤੇ ਰਸਮੀ ਬਣਾਉਂਦੀ ਹੈ।

ਪਟਿਆਲਾ ਸ਼ਾਹੀ ਜਾਂ ਮੋਰਨੀ ਅੰਦਾਜ਼ ਦੀ ਪੱਗ ਚਿਹਰੇ ਦੀ ਬਣਤਰ ਅਤੇ ਨਿੱਜੀ ਸੁਵਿਧਾ ਅਨੁਸਾਰ ਬੰਨੀ ਜਾ ਸਕਦੀ ਹੈ। ਕਿਸੇ ਇੱਕ ਬੰਨ੍ਹਤ ਨੂੰ ਸਭ ਲਈ ਢੁੱਕਵੀਂ ਮੰਨਣਾ ਠੀਕ ਨਹੀਂ। ਸ਼ਾਲ ਮੋਢੇ ਉੱਤੇ ਖੁੱਲ੍ਹੀ ਰੱਖੀ ਜਾਵੇ ਤਾਂ ਫੁਲਕਾਰੀ ਦੇ ਨਕਸ਼ੇ ਦਿਸਦੇ ਹਨ, ਜਦਕਿ ਗਲ ਵਿੱਚ ਲਪੇਟਣ ਨਾਲ ਸਰਦੀ ਵਿੱਚ ਵਧੇਰੇ ਗਰਮੀ ਮਿਲਦੀ ਹੈ।

ਸ਼ਾਲ ਦਾ ਰੰਗ ਪੱਗ ਨਾਲ ਮੁਕਾਬਲਾ ਨਹੀਂ ਕਰਦਾ, ਸਗੋਂ ਕੁੜਤੇ ਦੀ ਸਾਦੀ ਪਿਠਭੂਮੀ ਉੱਤੇ ਦੋਵੇਂ ਰੰਗਾਂ ਨੂੰ ਉਭਾਰਦਾ ਹੈ।

**ਪੰਜਾਬੀ ਪਹਿਰਾਵੇ ਦਾ ਇਤਿਹਾਸ, ਪੱਗ ਦੀ ਇੱਜ਼ਤ ਅਤੇ ਖੇਤਰੀ ਵੰਨ-ਸੁਵੰਨਤਾ**

ਪਹਿਰਾਵੇ ਦੀ ਪਹਿਲੀ ਲੋੜ ਸਰੀਰ ਢੱਕਣਾ ਅਤੇ ਮੌਸਮ ਤੋਂ ਬਚਾਅ ਰਹੀ ਹੈ। ਪੰਜਾਬ ਦੇ ਗਰਮੀਆਂ ਵਾਲੇ ਮੈਦਾਨਾਂ ਅਤੇ ਧੁੰਦ ਭਰੀਆਂ ਸਰਦੀਆਂ ਨੇ ਸੂਤੀ ਕਮੀਜ਼, ਚਾਦਰ, ਖੇਸ ਅਤੇ ਸਿਰ ਢੱਕਣ ਦੀਆਂ ਰੀਤਾਂ ਨੂੰ ਜੀਵਨ ਦਾ ਹਿੱਸਾ ਬਣਾਇਆ। ਵੈਦਿਕ ਕਾਲ ਨਾਲ ਜੋੜੀਆਂ ਧੋਤੀ ਅਤੇ ਉੱਤਰੀਏ ਵਰਗੀਆਂ ਪੁਸ਼ਾਕਾਂ ਤੋਂ ਬਾਅਦ ਖੇਤਰੀ ਪਹਿਰਾਵੇ ਕਈ ਰੂਪਾਂ ਵਿੱਚ ਬਦਲੇ।

ਪੰਜਾਬ ਵਿੱਚ ਮੁਸਲਮਾਨੀ ਪਹਿਰਾਵੇ ਦਾ ਪ੍ਰਭਾਵ ਪੱਗ ਦੇ ਲਪੇਟ, ਕਮੀਜ਼ ਅਤੇ ਸਲਵਾਰ ਦੇ ਰੂਪਾਂ ਵਿੱਚ ਦਿਸਦਾ ਹੈ। ਸਿੱਖ ਪਰੰਪਰਾ ਨੇ ਦਸਤਾਰ ਨੂੰ ਧਾਰਮਿਕ ਮਰਿਆਦਾ ਅਤੇ ਵੱਖਰੀ ਪਛਾਣ ਨਾਲ ਜੋੜਿਆ। ਇਨ੍ਹਾਂ ਪ੍ਰਭਾਵਾਂ ਨੇ ਪੰਜਾਬੀ ਪਹਿਰਾਵੇ ਨੂੰ ਇੱਕੋ ਰੰਗ ਵਿੱਚ ਨਹੀਂ ਬੰਨ੍ਹਿਆ।

ਮਲਵਈ ਚਾਦਰਾ, ਮਝੈਲ ਪੱਗ ਦੀ ਬੰਨ੍ਹਤ ਅਤੇ ਦੁਆਬੇ ਦੇ ਸਾਦੇ ਕੁੜਤਾ-ਪਜਾਮੇ ਵਿੱਚ ਫ਼ਰਕ ਮਿਲਦਾ ਹੈ। ਨਿਹੰਗ ਸਿੰਘਾਂ ਦਾ ਨੀਲਾ ਬਾਣਾ ਅਤੇ ਨਾਮਧਾਰੀ ਰਵਾਇਤਾਂ ਦੇ ਚਿੱਟੇ ਪਹਿਰਾਵੇ ਵੀ ਇਸੇ ਵਿਭਿੰਨਤਾ ਦਾ ਹਿੱਸਾ ਹਨ। ਫਿਰ ਵੀ ਸਿਰ ਢੱਕਣਾ, ਢਿੱਲਾ ਆਰਾਮਦਾਇਕ ਲਿਬਾਸ ਅਤੇ ਮੌਕੇ ਦੀ ਮਰਿਆਦਾ ਸਾਂਝੇ ਤੱਤ ਰਹਿੰਦੇ ਹਨ।

**ਦਸਤਾਰ ਤੋਂ ਦੁਪੱਟੇ ਤੱਕ, ਸਤਿਕਾਰ ਦੀ ਸਾਂਝੀ ਭਾਸ਼ਾ**

ਪੱਗ ਨੂੰ ਪੰਜਾਬ ਵਿੱਚ ਸਜਾਵਟੀ ਕੱਪੜੇ ਵਾਂਗ ਨਹੀਂ ਦੇਖਿਆ ਗਿਆ। ÷ਪੱਗ ਨੂੰ ਦਾਗ ਨਾ ਲਾਈਂ÷ ਵਾਲਾ ਮੁਹਾਵਰਾ ਇੱਜ਼ਤ ਅਤੇ ਜ਼ਿੰਮੇਵਾਰੀ ਨਾਲ ਜੁੜਿਆ ਹੈ। ਲੋਕ-ਬੋਲੀ ਵਿੱਚ ਗੁਫ਼ਤਾਰ, ਰਫ਼ਤਾਰ ਅਤੇ ਦਸਤਾਰ ਨੂੰ ਵਿਅਕਤੀ ਦੇ ਚਾਲ-ਚਲਣ ਨਾਲ ਜੋੜਿਆ ਗਿਆ ਹੈ।

ਇਸੇ ਤਰ੍ਹਾਂ ਪੁਰਾਣੀਆਂ ਪੰਜਾਬੀ ਔਰਤਾਂ ਚੁੰਨੀ ਜਾਂ ਦੁਪੱਟੇ ਨਾਲ ਸਿਰ ਕੱਜਦੀਆਂ ਸਨ। ਫੁਲਕਾਰੀ ਦੇ ਉੱਤੇ ਬਾਰੀਕ ਮਲਮਲ ਦਾ ਦੁਪੱਟਾ ਕਈ ਘਰਾਂ ਦੀ ਪੁਰਾਣੀ ਯਾਦ ਹੈ। ਅੱਜ ਕਈ ਨੌਜਵਾਨ ਔਰਤਾਂ ਚੁੰਨੀ ਨੂੰ ਗਲ ਜਾਂ ਮੋਢੇ ਉੱਤੇ ਰੱਖਦੀਆਂ ਹਨ, ਅਤੇ ਇਹ ਬਦਲਾਅ ਸ਼ਹਿਰੀ ਜੀਵਨ ਤੇ ਨਿੱਜੀ ਪਸੰਦ ਨਾਲ ਜੁੜਿਆ ਹੈ। ਸਤਿਕਾਰ ਦੀ ਭਾਵਨਾ ਕੱਪੜੇ ਦੇ ਇੱਕੋ ਢੰਗ ਨਾਲ ਨਹੀਂ ਬੰਨ੍ਹਦੀ। ਇਥੇ ਲੋਕ ਬੋਲੀ ਆਮ ਹੀ ਪ੍ਰਚਲਤ ਸੀ, ਜੋ ਸਮੇਂ ਦੇ ਨਾਲ ਨਵੀਂ ਪੀੜ੍ਹੀ ਦੇ ਨਾਲ ਸਲੋਪ ਹੁੰਦੀ ਜਾ ਹੈ:

ਬੁੱਕਲ ਮਾਰੋ ਖੇਸ ਦੀ ਵਾਹੁੱਟੀ ਆਈ ਲਾੜੇ ਦੇ ਮੇਚ ਦੀ
ਚੁੰਨੀ ਰੰਗਦੇ ਲਲਾਰੀਆ ਮੇਰੀ ਆਲਸੀ ਦੇ ਫੁੱਲ ਵਰਗੀ÷

**ਵਿਆਹਾਂ, ਮੇਲਿਆਂ ਅਤੇ ਸਰਦੀਆਂ ਵਿੱਚ ਪੰਜਾਬੀ ਦਿੱਖ ਦੀ ਨਵੀਂ ਪੜ੍ਹਤ**

ਵਿਆਹਾਂ ਵਿੱਚ ਕਾਲਾ ਕੁੜਤਾ ਅਤੇ ਨੀਲੀ ਪੱਗ ਅਕਸਰ ਲਾੜੇ ਦੇ ਸਾਥੀਆਂ ਜਾਂ ਪਰਿਵਾਰ ਦੇ ਮਰਦਾਂ ਦੀ ਚੋਣ ਹੁੰਦੇ ਹਨ। ਲੋਹੜੀ ਦੀ ਅੱਗ ਕੋਲ ਰੰਗੀਨ ਸ਼ਾਲ ਦੀ ਚਮਕ ਵੱਖਰੀ ਦਿਸਦੀ ਹੈ। ਵਿਸਾਖੀ, ਗਿੱਧੇ-ਭੰਗੜੇ ਦੇ ਸਮਾਗਮ ਅਤੇ ਪਿੰਡਾਂ ਦੇ ਸੱਭਿਆਚਾਰਕ ਮੇਲੇ ਵੀ ਇਸ ਪਹਿਰਾਵੇ ਲਈ ਸੁਭਾਵਿਕ ਥਾਵਾਂ ਹਨ।

ਦੇਸੀ ਜੁੱਤੀ, ਸਧਾਰਣ ਕੜਾ ਜਾਂ ਇੱਕ ਘੜੀ ਦਿੱਖ ਨੂੰ ਪੂਰਾ ਕਰਦੇ ਹਨ। ਬਹੁਤ ਚਮਕੀਲਾ ਕੱਪੜਾ, ਭਾਰੀ ਕਢਾਈ ਅਤੇ ਇਕੱਠੇ ਕਈ ਤੇਜ਼ ਰੰਗ ਪਹਿਰਾਵੇ ਦੀ ਰਵਾਨੀ ਖਰਾਬ ਕਰ ਸਕਦੇ ਹਨ। ਕੱਪੜੇ ਦੀ ਗੁਣਵੱਤਾ, ਮੌਸਮ ਅਤੇ ਪਹਿਨਣ ਵਾਲੇ ਦੀ ਸਹੂਲਤ ਪਹਿਲਾਂ ਆਉਂਦੀ ਹੈ।

ਜੁੱਤੀ ਕਸੂਰੀ ਆਈ ਨਾ ਪੂਰੀ ਹਾਏ ਵੇ ਰੱਬਾ ਸਾਨੂੰ ਤੁਰਨਾ ਪਿਆ÷

ਪਰ ਇਹ ਵੀ ਹੁਣ ਨਵੀਂ ਪੀੜ੍ਹੀ ਦੇ ਆਉਣ ਨਾਲ ਸਲੋਪ ਹੋ ਰਿਹਾ ਹੈ- ਅੱਜ ਕੱਲ੍ਹ ਨਵੇਂ ਤਰ੍ਹਾਂ ਦੇ ਸਲੀਪਰ, ਆਮ ਸੈਂਡਲ, ਚੱਪਲਾਂ ਆਦਿ ਪਾਉਂਦੀਆਂ ਹਨ।

ਸੋਸ਼ਲ ਮੀਡੀਆ ਨੇ ਪੱਗ, ਫੁਲਕਾਰੀ ਅਤੇ ਪੰਜਾਬੀ ਜੁੱਤੀ ਨੂੰ ਤਸਵੀਰਾਂ ਤੇ ਵੀਡੀਓ ਰਾਹੀਂ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਹੈ। ਪਰ ਕਈ ਵਾਰ ਇਨ੍ਹਾਂ ਚੀਜ਼ਾਂ ਦਾ ਅਰਥ ਸਿਰਫ਼ ਤਸਵੀਰ ਦੀ ਸਜਾਵਟ ਤੱਕ ਹੀ ਰਹਿ ਜਾਂਦਾ ਹੈ। ਰੰਗੀਨ ਸ਼ਾਲ, ਨੀਲੀ ਪੱਗ ਅਤੇ ਕਾਲਾ ਕੁੜਤਾ ਉਦੋਂ ਹੀ ਪੂਰਾ ਅਰਥ ਰੱਖਦੇ ਹਨ ਜਦੋਂ ਉਹ ਆਪਣੇ ਇਤਿਹਾਸ ਅਤੇ ਮਰਿਆਦਾ ਨਾਲ ਪਹਿਨੇ ਜਾਣ।




# Preetnama

Khara Sach

प्रीतनामा

खरा सच

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 368 | Website: www.preetnama.com Email preetnamausa@gmail.com | 28 AUGUST TO 03 SEPTEMBER, 2026


# धागों से बंधा सपना

**डॉ. सत्यवान सौरभ**

हरियाणा के एक छोटे-से कोने में बसा था छतरपुर गाँव। गाँव छोटा था, लेकिन उसके रिश्तों की दुनिया बहुत बड़ी थी। वहाँ आज भी सुबह मिट्टी की सोंधी खुशबू के साथ होती थी और शामें चौपाल की बतकही में ढलती थीं। पीपल के पुराने पेड़ पर बैठी चिड़ियाँ जैसे हर घर का हाल जानती थीं। सूरज की पहली किरण जब कच्ची गलियों पर उतरती, तो स्कूल की पोशाक पहने बच्चे किताबों का बस्ता कंधे पर लटकाए दौड़ पड़ते और औरतें सिर पर परात या घड़ा रखे कुएँ की ओर निकल जातीं। इसी गाँव के एक छोटे-से कच्चे घर में उस सुबह सुजाता अपनी उँगलियों के बीच एक रंगीन धागा उलझाए बैठी थी। रक्षाबंधन आने वाला था। आँगन में माँ काम में व्यस्त थीं। उन्होंने सहज ही कहा, इस बार राखी पर भैया शायद नहीं आ पाएगा। शहर में नौकरी करता है, बहुत व्यस्त रहता है।

सुजाता ने कोई उत्तर नहीं दिया। उसके हाथ धागे को बुनते रहे, लेकिन उसकी आँखें जैसे कहीं दूर चली गई थीं। उनमें ऊपर से झील जैसी शांति थी, मगर भीतर एक बेचैन नदी बह रही थी। उसे विश्वास था—मनोज आएगा। जरूर आएगा। इस बार वह राखी भेजेगी ही नहीं। शायद इसी बहाने उसका भाई समझ पाए कि कुछ रिश्ते संदेशों, फोन कॉलों और ऑनलाइन शुभकामनाओं से नहीं निभते। मनोज उससे तीन साल बड़ा था। दोनों जुड़वाँ नहीं थे, लेकिन बचपन ने उनके बीच ऐसा रिश्ता बुना था, जिसमें उम्र का अंतर कभी महसूस नहीं हुआ। सुजाता के रोने पर मनोज अपनी पतंग छोड़ देता था। वह साइकिल से गिरती तो पहले उसे उठाता, फिर अपनी चोट देखता। स्कूल जाते समय अगर उसका बैग भारी लगता तो बिना कुछ कहे उसे अपने कंधे पर टाँग लेता।

रक्षाबंधन उनके बचपन का सबसे प्रिय त्योहार था। सुजाता हर साल अपने हाथों से राखी बनाती। कभी रंगीन मोतियों से, कभी चमकीले सितारों से, तो कभी लाल-पीले धागों को जोड़कर। माँ उसकी मदद करतीं और मनोज दूर बैठा मुस्कराता रहता।

राखी बाँधते समय सुजाता हमेशा एक ही बात कहती, आज से तू मेरी रक्षा करेगा और मैं तेरे सपनों की। मनोज हँसते हुए अपनी कलाई आगे कर देता, तो तू कलेक्टर बनेगी और मैं तेरा बॉडीगार्ड। दोनों खिलखिलाकर हँस पड़ते।

बचपन के वे छोटे-छोटे वादे कब जिंदगी के बड़े सवाल बन गए, पता ही नहीं चला।

समय ने करवट ली। मनोज पढ़ाई के लिए दिल्ली चला गया। इंजीनियरिंग की पढ़ाई पूरी की और एक बड़ी कंपनी में नौकरी पा ली। उसके जीवन में सुविधाएँ बढ़ीं, वेतन बढ़ा, पहचान बढ़ी और शहर की चमक भी। लेकिन इसी चमक में कुछ पुराने रिश्तों की रोशनी धीरे-धीरे धुंधली पड़ने लगी।

That question has implications far beyond household economics. Repair is an ethic of patience, responsibility and stewardship. It acknowledges that value does not disappear merely because something is damaged.

Perhaps that is the lesson modern consumer society most needs. Progress should not mean acquiring the newest thing as quickly as possible. A mature economy should also know how to preserve what already exists.

A civilisation that remembers how to repair its objects may also become better at repairing its institutions, communities and public spaces. Sometimes, what needs saving is not the object itself, but our willingness to care for it.

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367 | Website: www.preetnama.com Email preetnamausa@gmail.com | 28 AUGUST TO 03 SEPTEMBER, 2026


# 15th India Day Parade Celebrates Indian Heritage, Unity and Community Spirit in Hicksville

## Thousands Join Grand Celebration Featuring Garry Sandhu, Khuda Baksh, Cultural Performances, Marching Bands and Community Leaders

HICKSVILLE, NEW YORK — August 23, 2026: The 15th India Day Parade, organized by IDP USA, was celebrated with great enthusiasm and patriotic spirit in Hicksville, Long Island, bringing together thousands of community members, families, dignitaries, business leaders and cultural organizations.

The parade began at 12:00 PM from Patel Brothers and proceeded through Hicksville, transforming the area into a colorful celebration of Indian heritage and Indian-American unity. Participants proudly carried the Indian tricolor while enjoying live music, traditional performances and vibrant cultural displays.

A major attraction of this year's celebration was a live performance by popular Punjabi singer Garry Sandhu, whose energetic appearance added excitement to the festivities. Famous singer Khuda Baksh also performed at the parade, entertaining the audience with his musical performance and adding even more energy to the celebration.

The program also featured live singing and dance performances, marching bands, Bhangra, Garba and Dhol, representing the rich diversity of Indian culture.

The event welcomed distinguished chief guests, grand marshals and guests of honor, along with elected officials, community leaders, entrepreneurs and representatives of numerous Indian-American organizations.

Under the leadership of IDP Chairman and Founder Dr. Bobby K. Kalotee, along with IDP Presidents Deepak Bansal and Vimal Goyal, the parade continued its tradition of bringing communities together and providing a platform to celebrate India's culture, heritage and achievements.

Families also enjoyed food vendors, children's rides, carnival games and raffle prizes, making the celebration an enjoyable community event for all ages.

The organizers expressed their sincere appreciation to the sponsors, volunteers, performers, participating organizations, media partners, community leaders and attendees whose support contributed to the success of the 15th India Day Parade.

The celebration concluded with a powerful message of unity in diversity, cultural pride and friendship between India and the United States, once again demonstrating the strength and vibrant spirit of the Indian-American community in New York.








# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367 | Website: www.preetnama.com Email preetnamausa@gmail.com | 28 AUGUST TO 03 SEPTEMBER, 2026


# 15th India Day Parade Celebrates Indian Heritage, Unity and Community Spirit in Hicksville

## Thousands Join Grand Celebration Featuring Garry Sandhu, Khuda Baksh, Cultural Performances, Marching Bands and Community Leaders

























# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

28 AUGUST TO 03 SEPTEMBER, 2026


# 15th India Day Parade Celebrates Indian Heritage, Unity and Community Spirit in Hicksville

## Thousands Join Grand Celebration Featuring Garry Sandhu, Khuda Baksh, Cultural Performances, Marching Bands and Community Leaders




























Preetnama

ਪ੍ਰੀਤਨਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

28 AUGUST TO 03 SEPTEMBER, 2026

# 15th India Day Parade Celebrates Indian Heritage, Unity and Community Spirit in Hicksville

## Thousands Join Grand Celebration Featuring Garry Sandhu, Khuda Baksh, Cultural Performances, Marching Bands and Community Leaders


































Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

28 AUGUST TO 03 SEPTEMBER, 2026

# 15th India Day Parade Celebrates Indian Heritage, Unity and Community Spirit in Hicksville

## Thousands Join Grand Celebration Featuring Garry Sandhu, Khuda Baksh, Cultural Performances, Marching Bands and Community Leaders














# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

28 AUGUST TO 03 SEPTEMBER, 2026





The 25th round of India-China Special Representative talks unfolded in Beijing on August 25, with National Security Adviser Ajit Doval and Foreign Minister Wang Yi holding what both readouts called candid, in-depth discussions on the boundary question. Doval called on Vice-President Han Zheng beforehand; Wang spoke of deepening trust and removing "disturbances." The timing was deliberate: Prime Minister Modi and President Xi Jinping are due to meet twice in three weeks, first at the SCO summit in Bishkek, then at the BRICS summit New Delhi hosts on September 12-13.

The headway is real but narrower than the mood music suggests. Since the 2020 Galwan clash, the October 2024 disengagement restored patrolling and grazing at Depsang and Demchok; the Kailash Mansarovar Yatra, tourist visas and direct flights have all resumed over the past year. Yet this round's statement quietly dropped "early harvest", the phrase floated last year for quick delimitation wins, reverting instead to the older, slower pursuit of a "package solution." Twenty-five rounds since 2003 have moved the atmosphere considerably; they have not moved the line itself. What blocks that is visible on the ground, not in the readouts. China has issued six batches of "standardised" Arunachal Pradesh place names since 2017, the latest in April; India's own counter-naming of border sites this August drew a sharp Chinese protest. More seriously, patrol parties reportedly came face to face near Taksing in Upper Subansiri in late July, with Chinese personnel said to have returned in early August and pitched tents - a claim India's defence establishment has called unverified even as the opposition demands answers. Indiancurrent affairs

Add Beijing's mega dam on the Yarlung Tsangpo, barely kilometres from the Arunachal border and already unsettling downstream water calculations, and it is clear India is negotiating trust with a neighbour simultaneously redrawing the map, the river and the patrol grid.

Xi's Delhi visit, still unconfirmed by Beijing even now, would be his first to India in seven years, reportedly with some 400 officials in tow. The summit's own agenda - local-currency trade, food and energy security, reform of multilateral institutions - will occupy the formal sessions. But the meeting the region will actually watch is the Modi-Xi sidebar: warmer bilateral language and movement on trade and connectivity, not a breakthrough on delimitation. That was never a summit's job to deliver.

India's task is to stop letting summit atmospherics and border facts stand in for each other. Engagement is worth having, but it should not outrun verification: patrolling parity and troop de-escalation to pre-2020 levels belong ahead of warmer language, not after it. New Delhi must match Beijing's infrastructure push, village for village and road for road, with its Siang project as a counterweight to the dam. It must also get faster and clearer about what is confirmed on the border. Xi is welcome in Delhi, though the outcome may not be dramatic, but it is an opportunity to put across our deepest concerns.

# The new age of narrative warfare

**By Ashvathaman Allimuthu**

What looks like an organic wave of outrage online may sometimes be carefully engineered. In this new age of psychological warfare, the most vulnerable society may not be the one with the weakest military, but the one that gradually loses the ability to distinguish truth from manipulation Psychology

Wars once required weapons - armies crossing frontiers, nations measuring their safety in tanks and treaties, invasions you could see coming and fronts you could point to on a map. That world hasn't disappeared, but a second battlefield has opened quietly beside it — one fought not with bullets but with belief. A country can now be destabilised without a shot being fired: not through tanks at a border, but through engineered narratives, algorithm-driven opinion, and psychological conditioning at social-media scale. Call it what it actually is.

Not "online propaganda." Not "digital activism." This is cyber psychological warfare, and most of us are standing inside it without realising.

Consider what happens after any major Supreme Court observation. Within days, anonymous pages appear from nowhere, amassing followers and engagement that no ordinary account could earn organically in years of patient work.

Sudden, unexplained scale like that is rarely luck - more often, it's bot networks, coordinated engagement rings and paid amplification working in concert.This deserves a name: Narrative Terrorism — a deliberate campaign to reshape what a population believes, fracture its unity, erode confidence in its institutions, and condition the young before they've learned to question anything. Conventional terrorism destroys buildings. Narrative terrorism destroys certainty. Its target isn't infrastructure. It's the mind.

What makes this form of warfare so effective is its invisibility. Nobody feels manipulated in the moment. Platforms are built to keep surfacing emotionally charged content, and repetition does the rest: exposure breeds familiarity, familiarity breeds acceptance, and acceptance eventually passes for truth. The economics reward this pattern: outrage travels faster than accuracy, anger outcompetes nuance, division earns more attention than consensus.

India is unusually exposed here. Indiatravel guide

As one of the world's youngest digital populations, its Gen Z consumes an extraordinary volume of content daily — reels, shorts, memes, influencer takes, anonymous opinion pages - often without the tools to separate verified reporting from propaganda, satire, paid promotion or ideological manipulation. That gap is exactly what outside actors, whether political, ideological, geopolitical or commercial, are built to exploit.They don't need to attack India militarily. They only need to erode the trust binding citizens, institutions and communities together, because a divided society is a manipulable one.This matches an old historical pattern: great civilisations are rarely toppled by armies at the gate. What actually finishes them off is what happens earlier — a citizenry too confused, too demoralised and too fractured to notice the gate was left open. The contest has quietly relocated - from geography to psychology, from checkpoints to comment sections, from missiles to machine-learned feeds - and artificial intelligence raises the stakes further. AI systems learn from the information ecosystem around them, and an ecosystem already saturated with manipulated narratives and artificial amplification risks producing AI that echoes those same distortions back at a scale no single campaign could reach alone. This isn't only India's problem; it's civilisational. As the world enters the AI era, India has a chance to lead not merely through technology, but by offering the deeper solution this moment actually demands: free thinking. A population capable of independent reasoning and genuine intellectual openness cannot be easily herded by algorithms or engineered narratives. India's most valuable export in the AI age may not be innovation at all, but the revival of a civilisation built to question.

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 368
Website: www.preetnama.com Email preetnamausa@gmail.com
28 AUGUST TO 03 SEPTEMBER, 2026

# Experience the love of God by taking his shelter



**By Ajit Kumar Bishnoi**

I have sometimes wondered why a mother loves her baby so much and that too unconditionally. It is all one-sided! She looks after the baby the very best way possible in spite of her limitations, which all of us have. The baby wakes her in the middle of night. What does she do? Get upset? Far from it; she cleans him, as necessary, and feeds him. Have you seen a mother complain about the troubles her dear child gives her? Far from it; she even looks after the baby when she, herself, is not well. Pregnancy& Maternity Now the explanation for the above. Her child gives her, what is extremely precious to her. For the child, his mother is everything; his loyalty is unflinching. My Lord, who loves me, gave me this insight, and, more importantly, one which follows. Because I have taken His shelter. My relationship with God is also one-sided. What can I give Him, who owns everything; doesn't He? Yes, my loyalty is all-important to God. This is what we all need to do, and our life will become sublime.

Just to give you an idea about what my Lord is doing for me, He has taken charge of me. Surely, my Lord must reform me in order that I become deserving of the highest reward of liberation in this life itself; no more of the painful cycle of birth and death for me. I am not ashamed to admit that I have plenty of lust, greed and hate.

There are big hindrances in my progress. They are all being got rid of systematically and very patiently. My Lord even takes care that it is all done in a subtle way with my cooperation. They are not being delivered like hammer blows. My Lord has even made me His 'nimitta' (instrument) to carry out certain tasks, which give me a positive identity, like I write spiritual articles under His guidance. I know in my heart that God does not need me; He has 'ichcha shakti' (divine will power). He can accomplish anything He chooses to do, but all the tasks my Lord has set for me are my necessities; I love them, like looking after my family and the family business.

My Lord has mercifully provided all the resources I need to do my assigned duties. I have plenty of money, excellent help of all kinds, most importantly, sufficient energy at my age.

Believe me, I feel empowered to do what I must; it is a great feeling. All these are within my comfort zone, suited to my unique nature. Even my deep desires are getting fulfilled, which, of course, are accordingly to 'dharma' (highest principles). Whatever bad my fate brings is taken care in a tolerable way. I am even able to not get spoiled by good things which happen in my life. What more can I hope for or anyone can? I have never felt this good in my life. It is quite unbelievable what I am experiencing.

# Vande Mataram does not deserve political slugfest

On August 13, all six stanzas of Vande Mataram were sung inside the Lok Sabha for the first time in parliamentary history, as the Monsoon Session drew to a close. Two days later, from the ramparts of Red Fort, the full song was heard for the first time at an Independence Day ceremony - the 80th since 1947. The timing was crucial: 2025-26 marks 150 years since Bankim Chandra Chattopadhyay composed the song, later woven into his novel Anandamath, and it comes days after a new law made insulting or disrupting Vande Mataram a criminal offence, on par with the National Anthem.

Few songs carry this kind of weight. It was a rallying cry from Bengal's 1905 partition through the Quit India movement, sung by revolutionaries who faced lathis and prison for it. Yet its journey was never simple. In 1937, the Congress Working Committee — Gandhi, Nehru, Patel, Subhas Bose and Maulana Azad among them — resolved that only the first two stanzas, evoking the motherland's rivers and orchards, would be sung at national gatherings. The later verses invoke the goddess Durga; Tagore, consulted on the matter, advised that the opening stanzas could stand alone as a national song without carrying that religious charge into a plural nation. It was accommodation, not erasure — a considered decision to hold a diverse freedom movement together. Indianbusiness news

That history is exactly what is being contested now. Inaugurating the anniversary commemorations in November, Prime Minister Modi said the 1937 trimming had "sowed the seeds of Partition" — a charge Congress calls a distortion that insults both the Working Committee and Tagore himself. The row has since curdled: a Kerala Congress MP's intemperate vow never to sing the full version; a disputed video from a Congress Independence Day event that the BJP seized on as proof Sonia Gandhi and Mallikarjun Kharge had tried to cut the song short — something Congress disputes; a public demand from Amit Shah for an apology; police complaints in Delhi and Karnataka.

Even as MPs from the NCP, Shiv Sena and YSRCP urged that the song not be reduced to a political football, that is precisely what it has become. Would the country not be better served letting this song simply be sung and revered, without a running scorecard? A hymn that moved millions across faiths during the freedom struggle needs no statute to secure its place in the national imagination — it earned that, unaided, over 150 years.

Legislating reverence, and mining history for a partisan point, both cheapen a symbol that once asked only for love of country, nothing more. The flag, the anthem, this song - none of them belong in any single party's custody. The most patriotic thing today's politicians could do is stop competing over who loves Vande Mataram more, and simply let it keep doing what it has always done best: unite, rather than divide, without anyone needing to be told to sing it.



# ਸਮੇਂ ਦੇ ਹਾਣ ਦਾ ਕਵੀ : ਮੀਸ਼ਾ

ਪ੍ਰੋ. ਨਵ ਸੰਗੀਤ ਸਿੰਘ

ਪੰਜਾਬੀ ਕਵੀ ਸ.ਸ. ਮੀਸ਼ਾ ਦਾ ਜਨਮ 30 ਅਗਸਤ 1934 ਨੂੰ ਪਿੰਡ ਭੇਟ ਜ਼ਿਲਾ ਕਪੂਰਥਲਾ ਵਿੱਚ ਮਾਂ ਗੁਰਵੰਤ ਕੌਰ ਤੇ ਪਿਤਾ ਇੰਦਰ ਸਿੰਘ ਦੇ ਘਰ ਹੋਇਆ। ਸ਼੍ਰੀਮਤੀ ਸੁਰਿੰਦਰ ਕੌਰ ਨਾਲ ਵਿਆਹੇ ਮੀਸ਼ਾ ਦੇ ਦੋ ਬੱਚੇ ਹੋਏ - ਬੇਟਾ ਅਮਰਦੀਪ ਸਿੰਘ (1965) ਅਤੇ ਬੇਟੀ ਗੁਰਜੋਤ ਕੌਰ (1969)। ਉਹਨੇ ਨੈਸ਼ਨਲ ਕਾਲਜ ਸਠਿਆਲਾ ਤੇ ਗੌਰਮਿੰਟ ਕਾਲਜ ਹੁਸ਼ਿਆਰਪੁਰ ਵਿਖੇ ਅੰਗਰੇਜ਼ੀ ਦੇ ਲੈਕਚਰਾਰ ਵਜੋਂ (1957-1966) ਕਾਰਜ ਕੀਤਾ ਤੇ ਪਿੱਛੋਂ ਆਕਾਸ਼ਵਾਣੀ ਜਲੰਧਰ ਵਿਖੇ (1966-1986) ਜੀਵਨ ਦੇ ਅੰਤ ਤੱਕ ਪ੍ਰੋਡਿਊਸਰ ਵਜੋਂ ਕਾਰਜਸ਼ੀਲ ਰਿਹਾ।

ਮੀਸ਼ਾ ਇਕ ਵਿਵਾਦਪੂਰਨ ਪਰ ਜ਼ਿੰਦਾ ਦਿਲ ਇਨਸਾਨ ਸੀ। ਸਟੇਜ, ਰੇਡੀਉ ਤੇ ਦੂਰਦਰਸ਼ਨ ਤੇ ਉਹ ਕਵੀ-ਦਰਬਾਰਾਂ ਦੀ ਜਾਨ ਤੇ ਸ਼ਾਨ ਰਿਹਾ ਹੈ। ਨਕਸਲੀ ਲਹਿਰ ਦੌਰਾਨ ਉਸਨੇ ਕਮਿਊਨਿਸਟ ਇਨਕਲਾਬੀਆਂ ਉਤੇ ਹੋਏ ਤਸ਼ੱਦਦ ਦੇ ਸਮੇਂ 'ਸੀਤ ਲਹਿਰ' ਤੇ 'ਚੁਰੱਸਤਾ' ਵਰਗੀਆਂ ਕਵਿਤਾਵਾਂ ਲਿਖੀਆਂ। ਪੰਜਾਬੀ ਕਵਿਤਾ ਦੇ ਇਤਿਹਾਸ ਵਿਚ 'ਘਰ', 'ਬਾਬਾ ਨਾਨਕਾ' 'ਮਤਦਾਨ' ਵਰਗੀਆਂ ਰਚਨਾਵਾਂ ਹਮੇਸ਼ਾ ਯਾਦ ਰਹਿਣਗੀਆਂ।

ਆਪਣੀ ਹੀ ਨਿਵੇਕਲੀ ਸੁਰ ਵਾਲੀ ਕਵਿਤਾ ਦੇ ਇਸ ਸ਼ਾਇਰ ਨੇ ਪੰਜਾਬੀ ਕਾਵਿ-ਜਗਤ ਨੂੰ ਚਾਰ ਮੌਲਿਕ ਸੰਗ੍ਰਹਿ ਪ੍ਰਦਾਨ ਕੀਤੇ ਹਨ : 'ਚੁਰੱਸਤਾ' (1961), 'ਦਸਤਕ' (1966), 'ਧੀਮੇ ਬੋਲ' (1972)' ਤੇ 'ਕੱਚ ਦੇ ਵਸਤਰ' (1974)। ਇਸ ਤੋਂ ਇਲਾਵਾ ਉਹਨੇ 'ਗ਼ਜ਼ਲਾਂ ਤੇ ਗੀਤ' ਸਿਰਲੇਖ ਅਧੀਨ ਇੱਕ ਕਿਤਾਬ ਦਾ ਸੰਪਾਦਨ (1975) ਵੀ ਕੀਤਾ। ਉਹਨੇ 'ਮਨੁੱਖ ਦੇ ਰੂਪ', 'ਸਰਘੀ ਵੇਲਾ' ਅਤੇ 'ਅਮੀਲ' ਨਾਂ ਹੇਠ ਕ੍ਰਮਵਾਰ ਹਿੰਦੀ, ਬੰਗਲਾ ਤੇ ਫਰਾਂਸੀਸੀ ਨਾਵਲਾਂ ਦੇ ਅਨੁਵਾਦ ਵੀ ਕੀਤੇ, ਜੋ ਯਸ਼ਪਾਲ, ਸਤੀਨਾਥ ਭਾਦੁੜੀ ਤੇ ਜੀਨ ਜੈਕ ਰੂਸੋ ਦੀਆਂ ਲਿਖਤਾਂ ਹਨ। 1974 ਵਿਚ ਪ੍ਰਕਾਸ਼ਿਤ 'ਕੱਚ ਦੇ ਵਸਤਰ' ਕਾਵਿ ਸੰਗ੍ਰਹਿ ਲਈ ਉਸ ਨੂੰ 1977 ਵਿਚ ਭਾਰਤੀ ਸਾਹਿਤ ਅਕਾਡਮੀ ਵਲੋਂ ਪੁਰਸਕ੍ਰਿਤ ਕੀਤਾ ਗਿਆ। ਜਲੰਧਰ ਦੀ ਇੱਕ ਸਾਹਿਤਕ ਸੰਸਥਾ 'ਦਾਇਰਾ' ਦੇ ਪ੍ਰਧਾਨ ਹੋਣ ਦਾ ਸ਼ਰਫ਼ ਵੀ ਉਹਨੂੰ ਹਾਸਲ ਰਿਹਾ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਉਸਦੇ ਸੁਰ ਨੂੰ 'ਸੁਹਜਵਾਦੀ ਉਦਾਸੀਨ' ਜਾਂ 'ਧੀਮੇ ਬੋਲਾਂ' ਦਾ ਨਾਂ ਦਿਤਾ ਹੈ।

ਆਧੁਨਿਕ ਪੰਜਾਬੀ ਕਾਵਿ ਵਿਚ ਜੀਵਨ ਦੀ ਕਿਸੇ ਸਥਿਤੀ ਅਥਵਾ ਮਾਨਵੀ ਮੁੱਲ ਨੂੰ ਸਮਾਜਕ ਪ੍ਰਸੰਗ ਵਿਚ ਰੱਖ ਕੇ ਵਿਅਕਤ ਕਰਨ ਦੀ ਜੋ 'ਪੰਚਮ ਸੁਰ' ਵਾਲੀ ਸਰਗਮ ਪਰਿਪੱਕ ਹੋ ਕੇ ਇਕ ਰੂੜ੍ਹੀ ਬਣ ਚੁਕੀ ਸੀ, ਮੀਸ਼ਾ ਦੀਆਂ ਕਵਿਤਾਵਾਂ ਦਾ ਅਭਿਵਿਅੰਜਨ ਉਨ੍ਹਾਂ ਤੋਂ ਕੁਝ ਨਿਵੇਕਲਾ ਅਤੇ ਅਲਹਿਦਾ ਜਾਪਦਾ ਹੈ। ਉਸਨੇ ਆਧੁਨਿਕ ਵਿਅਕਤੀ ਦੇ ਜੀਵਨ ਨਾਲ ਜੁੜੇ ਹੋਏ ਰਸਮੀ ਵਿਵਹਾਰ ਦਾ ਨਿਰਮਮ ਵਿਸ਼ਲੇਸ਼ਣ ਕੀਤਾ ਹੈ। ਇਸ ਪ੍ਰਸੰਗ ਵਿਚ ਮੀਸ਼ਾ ਦੀਆਂ ਕਵਿਤਾਵਾਂ ਮੁਖੌਟੇਧਾਰੀ ਸੰਸਕ੍ਰਿਤੀ ਦਾ ਇਕ ਸਕ੍ਰਿਆ/ਨਿਸਕ੍ਰਿਆ ਅੰਗ ਬਣ ਚੁੱਕੇ ਵਿਅਕਤੀ ਦੀਆਂ ਕ੍ਰਿਆਵਾਂ/ਪ੍ਰਤਿਕ੍ਰਿਆਵਾਂ ਦਾ ਇਕ ਪ੍ਰਮਾਣਿਕ ਦਸਤਾਵੇਜ਼ ਹਨ।

ਆਪਣੀਆਂ ਕਵਿਤਾਵਾਂ ਵਿਚ ਮੀਸ਼ਾ ਨੇ ਅਨੇਕਾਂ ਅਜਿਹੇ ਬਿੰਦੂਆਂ ਨੂੰ ਪ੍ਰਸਤੁਤ ਕੀਤਾ ਹੈ, ਜਿਹੜੇ ਆਧੁਨਿਕ ਵਿਅਕਤੀ ਦੀ ਖੋਖਲੀ ਸਥਿਤੀ ਦੇ ਅਕੱਟ ਗਵਾਹ ਹਨ। ਉਸਦੀ ਇਕ ਕਵਿਤਾ 'ਚੀਕ ਬੁਲਬੁਲੀ' ਸਾਡੇ ਇਸ ਮੱਤ ਨੂੰ ਪ੍ਰਮਾਣਿਤ ਕਰਦੀ ਹੈ। ਇਸ ਕਵਿਤਾ ਦਾ ਨਾਇਕ ਆਪਣੇ ਰਸਮੀ ਵਿਵਹਾਰ ਅਤੇ ਤਥਾਕਥਿਤ ਸ਼ਿਸ਼ਟ ਪ੍ਰਤਿਕ੍ਰਿਆਵਾਂ ਤੋਂ ਬੇਹੱਦ ਦੁਖੀ ਅਤੇ ਨਿਰਾਸ਼ ਹੈ। ਉਹ ਚੀਕ ਬੁਲਬੁਲੀ ਮਾਰ ਕੇ ਆਪਣੇ ਇਰਦ-ਗਿਰਦ ਪੱਸਰੇ ਦੰਭੀ ਮਾਹੌਲ ਦੀ ਸਾਜ਼ਿਸ਼ ਨੂੰ ਨੰਗਿਆਂ ਕਰਨਾ ਲੋਚਦਾ ਹੈ ਪਰ ਨਿੱਜੀ ਸੰਪਤੀ ਜਾਂ ਸੁਖ ਸੁਵਿਧਾਵਾਂ ਪ੍ਰਤੀ ਮੋਹ, ਉਸਨੂੰ ਇਸ ਭਾਂਤ ਦੇ ਰੋਮਾਂਟਿਕ ਵਿਦ੍ਰੋਹ ਦੀ ਵੀ ਅਨੁਮਤੀ ਨਹੀਂ ਦਿੰਦਾ। ਇਹ ਕਵਿਤਾ ਆਧੁਨਿਕ ਵਿਅਕਤੀ ਦੇ ਕਿਰਦਾਰ ਨਾਲ ਜੁੜੇ ਹੋਏ ਬਹੁਤ ਸਾਰੇ ਜ਼ਰੂਰੀ ਵੇਰਵਿਆਂ ਨੂੰ ਸਾਡੇ ਸਾਹਮਣੇ ਪ੍ਰਸਤੁਤ ਕਰਦੀ ਹੈ। ਇਸ ਕਵਿਤਾ ਦੀਆਂ ਅੰਤਿਮ ਪੰਕਤੀਆਂ ਆਧੁਨਿਕ ਵਿਅਕਤੀ ਦੀ ਖੋਖਲੀ ਅਥਵਾ ਨਿਪੁੰਸਕ ਮਾਨਸਿਕਤਾ ਨੂੰ ਵੀ ਨਿਰੂਪਿਤ ਕਰਦੀਆਂ ਹਨ :

ਹੁਣ ਜੀਅ ਕਰਦਾ ਕੱਲ੍ਹ ਕਚਹਿਰੀ ਲਾਗੇ
ਗਾਂਧੀ ਚੌਕ 'ਚ ਖੜ ਕੇ ਸਾਰਾ ਗੁਭ ਘਲਾਟ ਕਢ ਲਵਾਂ
ਏਨੇ ਚਿਰ ਦੀ ਡੱਕੀ ਹੋਈ ਖੁਲ੍ਹ ਕੇ ਚੀਕ-ਬੁਲਬੁਲੀ ਮਾਰਾਂ ਮੁਸਕੌਂਦੇ ਗਾਂਧੀ ਦੇ ਬੁੱਤ
ਤੋਂ ਡਾਂਡੀ ਸਫਰ ਦੀ ਸੋਟੀ ਖੋਹ ਕੇ ਅਪਣਾ ਹੀ ਸਿਰ ਪਾੜਾਂ
ਲਹੂ ਪਲੱਥਾ ਬੁੱਤ ਦੇ ਪੈਰੀਂ ਡਿੱਗਾਂ
ਸਾਹ ਛੱਡਣ ਤੋਂ ਪਹਿਲਾਂ
ਇਕ ਦੋ ਵਾਰੀ ਰਾਮ ਪੁਕਾਰਾਂ

ਮੀਸ਼ਾ ਦੀ ਅਭਿਵਿਅਕਤੀ ਦਾ ਇਕ ਹੋਰ ਪ੍ਰਮੁਖ ਸੁਰ ਇਹ ਹੈ ਕਿ ਉਹ ਤਤਕਾਲਿਕ ਸੰਦਰਭ ਵਿਚ ਆਪਣੇ ਨਿਜਤਵ ਦਾ ਵਿਵੇਚਨ-ਵਿਸ਼ਲੇਸ਼ਣ ਕਰਨ ਲੱਗ ਜਾਂਦਾ ਹੈ। ਇਹ ਇਹਸਾਸ ਰੋਮਾਂਟਿਕ ਹੋਣ ਕਰਕੇ ਸਾਡੇ ਯੁਗ ਦੇ ਯੁਵਕਾਂ ਅਤੇ ਕੁਝ ਇਕ ਤਥਾਕਥਿਤ ਬੁੱਧੀਜੀਵੀਆਂ ਨੇ ਬਹੁਤ ਪਸੰਦ ਕੀਤਾ। ਇਹੀ ਕਾਰਨ ਹੈ ਕਿ ਮੀਸ਼ਾ ਦੀਆਂ ਇਹੋ ਜਿਹੀਆਂ ਕਵਿਤਾਵਾਂ ਪਾਠਕਾਂ ਵਿਚ ਬਹੁਤ ਹਰਮਨ-ਪਿਆਰੀਆਂ ਹੋਈਆਂ। ਉਦਾਹਰਣ ਲਈ ਉਸਦੀ ਇਕ ਕਵਿਤਾ 'ਮਿੱਟੀ ਦਾ ਪੁਤਲਾ' ਦੇ ਕੁਝ ਅੰਸ਼ ਪ੍ਰਸਤੁਤ ਹਨ :

**ਮੈਂ ਨਹੀਂ ਕਹਿੰਦਾ ਕਿ ਧਰਤੀ ਸੁਰਗ ਹੈ,**
**ਨਾ ਮੈਂ ਕਹਿੰਦਾ ਹਾਂ ਸੁਰਗ ਬਣ ਜਾਏਗੀ,**
**ਸੁਰਗ ਅਸਲੀਅਤ ਨਹੀਂ ਆਦਰਸ਼ ਹੈ।**
**ਅਸਲੀਅਤ ਆਦਰਸ਼ ਦਾ ਸੰਘਰਸ਼ ਹੈ,**
**ਬਸ ਇਹੋ ਸੰਘਰਸ਼ ਹੈ ਇਹ ਜ਼ਿੰਦਗੀ,**
**ਇਹ ਜੋ ਮਿੱਟੀ ਵਿਚ ਸ਼ੁਅਲਾ ਮਚਲਦਾ।**

ਮੀਸ਼ਾ-ਕਾਵਿ ਵਿਚ ਮੱਧ ਸ਼੍ਰੇਣੀ ਦਾ ਕਿਰਦਾਰ ਕੁਝ ਇਸ ਤਰ੍ਹਾਂ ਪ੍ਰਸਤੁਤ ਹੋਇਆ ਹੈ ਕਿ ਸਾਨੂੰ ਇਸ ਸ਼੍ਰੇਣੀ ਦੀਆਂ ਕ੍ਰਿਆਵਾਂ ਪ੍ਰਤਿਕ੍ਰਿਆਵਾਂ ਨਾਲ ਸਹਾਨੁਭੂਤੀ ਹੋਣ ਲੱਗ ਪੈਂਦੀ ਹੈ। ਸ਼ਾਇਦ ਇਸਦਾ ਇਕ ਕਾਰਨ ਇਹ ਵੀ ਹੋਵੇ ਕਿ ਪਾਠਕਾਂ ਦੇ ਰੂਪ ਵਿਚ ਅਸੀਂ ਆਪ ਸਭ ਮਧ-ਸ਼੍ਰੇਣਿਕ ਸੰਸਕਾਰਾਂ ਨਾਲ ਜੁੜੇ ਹੋਏ ਹਾਂ।

ਮੀਸ਼ਾ ਦੀਆਂ ਕੁਝ ਇਕ ਕਵਿਤਾਵਾਂ ਦੇ ਵਿਸ਼ੇ ਆਧੁਨਿਕ ਸੰਸਕ੍ਰਿਤੀ ਦੇ ਤਣਾਵਾਂ ਤੇ ਤਕਾਜ਼ਿਆਂ ਨੂੰ ਵੀ ਮੂਰਤੀਮਾਨ ਕਰਦੇ ਹਨ। ਭਾਵੇਂ ਇਹ ਵਿਸ਼ੇ ਵੀ ਮਨੁੱਖ ਦੇ 'ਰਸਮੀ ਵਿਵਹਾਰ' ਨਾਲ ਜਾ ਜੁੜਦੇ ਹਨ, ਪਰੰਤੂ ਜਿਥੇ ਰਸਮੀ ਵਿਵਹਾਰ ਦਾ ਪਾਲਣ ਕਰਦਾ ਹੋਇਆ ਆਧੁਨਿਕ ਵਿਅਕਤੀ ਭੀੜ ਵਿਚ ਗੁਆਚ ਕੇ ਅਜਨਬੀ ਹੁੰਦਾ ਹੈ, ਉਥੇ ਕਈ ਵਾਰ ਉਹ ਰਿਸ਼ਤਿਆਂ, ਵਿਸ਼ਵਾਸਾਂ ਅਤੇ ਜੀਵਨ-ਸਿੱਧਾਂਤ ਤੋਂ ਇਤਨਾ ਉਦਾਸੀਨ ਹੋ ਜਾਂਦਾ ਹੈ ਕਿ ਉਹ ਬਿਲਕੁਲ ਇਕੱਲਾ ਤੇ ਅਸਹਾਇ ਮਹਿਸੂਸ ਕਰਦਾ ਹੈ। ਪੰਜਾਬੀ ਦੀ ਪ੍ਰਯੋਗਸ਼ੀਲ ਕਾਵਿਧਾਰਾ ਦੇ ਕਵੀਆਂ ਨੇ ਆਧੁਨਿਕ ਵਿਅਕਤੀ ਦੇ ਇਸ ਦੂਜੇ ਰੂਪ ਦਾ ਨਿਰੂਪਣ ਕੀਤਾ ਹੈ। ਮੀਸ਼ਾ ਦੀਆਂ ਕਵਿਤਾਵਾਂ ਵਿਚ ਵੀ ਕਿਧਰੇ ਕਿਧਰੇ ਜੀਵਨ ਦੀ ਅਰਥਹੀਣਤਾ, ਵਿਸੰਗਤੀ ਤੇ ਅਜਨਬੀਅਤ ਆਦਿਕ ਪ੍ਰਸੰਗ ਦ੍ਰਿਸ਼ਟੀਗੋਚਰ ਹੋਏ ਹਨ। ਜਿਵੇਂ 'ਸਵੇਰ' ਕਵਿਤਾ ਦੀਆਂ ਇਹ ਪੰਕਤੀਆਂ :

**ਅੱਖਾਂ ਵਿਚ ਉਨੀਂਦਾ ਰੜਕੇ**
**ਚਿੰਤਾ ਬਣੀ ਸਿਰ੍ਹਾਣਾ ਸਿਰ ਦਾ**
**ਸਾਨੂੰ ਰੋਗ ਰਜ਼ਾਈਆਂ ਦਾ ਓਢਣ**
**ਆਉਣ ਭਿਆਨਕ ਸੁਪਨੇ ਤੜਕੇ**
**ਚਾਹ ਦੇ ਇਕ ਤੱਤੇ ਕੱਪ ਉਤੇ**
**ਦੇਸੀ ਅਤੇ ਦਸੌਰੀ ਖ਼ਬਰ**
**ਕਾਲੇ ਤੇ ਕੰਡਿਆਲੇ ਅੱਖਰ**
**ਨਫਰਤ ਗੁੱਤੇ ਵਿਹੁ-ਵਿਗੁੱਤੇ।**

ਭਾਵ-ਅਭਿਵਿਅੰਜਨ ਲਈ ਮੀਸ਼ਾ ਨੇ ਬਿੰਬਾਂ ਤੋਂ ਬੜਾ ਸਾਰਥਕ ਅਤੇ ਪ੍ਰਭਾਵਸ਼ਾਲੀ ਕੰਮ ਲਿਆ ਹੈ। ਉਸਨੇ ਆਪਣੇ ਸਮਕਾਲੀਨ ਪਰਿਵੇਸ਼ ਵਿਚੋਂ ਬਿੰਬਾਂ ਦੀ ਚੋਣ ਕੀਤੀ ਹੈ, ਜਿਸ ਕਾਰਨ ਉਸ ਦੀਆਂ ਕਵਿਤਾਵਾਂ ਸਾਡੇ ਲਈ ਵਧੇਰੇ ਮਹੱਤਵਪੂਰਨ ਹੋ ਨਿਬੜੀਆਂ ਹਨ। 'ਕਮਜ਼ਰਫ' ਕਵਿਤਾ ਵਿਚ ਦ੍ਰਿਸ਼-ਬਿੰਬ ਦੀ ਇਕ ਬੜੀ ਸੁੰਦਰ ਉਦਾਹਰਣ ਦ੍ਰਿਸ਼ਟੀਗੋਚਰ ਹੁੰਦੀ ਹੈ :



> **ਸਾਰੀਆਂ ਕਵਿਤਾਵਾਂ ਵਿਚ ਤਾਂ ਨਹੀਂ, ਪਰੰਤੂ ਕੁਝ ਇਕ ਕਵਿਤਾਵਾਂ ਵਿਚ ਜ਼ਰੂਰ ਮੀਸ਼ਾ ਨੇ ਵਿਅੰਗ ਨੂੰ ਮੁੱਖ ਰੱਖ ਕੇ ਕਾਵਿ-ਯੋਜਨਾ ਨੂੰ ਰੂਪਮਾਨ ਕੀਤਾ ਹੈ। ਪੁਸ਼ਟੀ ਲਈ 'ਫੁਕਰਾ', 'ਨਵਾਂ ਸਾਲ', 'ਕੈਬਰੇ ਤੋਂ ਬਾਅਦ', 'ਮੋਮਜਾਮਾ', 'ਨੇਕੀ', 'ਸ਼ੁਭ ਇਛਾਵਾਂ', 'ਏਸ ਸ਼ਹਿਰ ਵਿਚ', 'ਕੱਚ ਦੇ ਵਸਤਰ' ਤੇ 'ਬੱਦਲ' ਵਰਗੀਆਂ ਕਵਿਤਾਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ।**

**ਸਾਰਾ ਦਿਨ ਕਾਂ-ਅੱਖ ਨਿਕਲੀ ਸੀ**
**ਉਸ ਦਿਨ ਧੁੱਪ ਕੜਾਕੇ ਕਢਦੀ**
**ਰੋਜ਼ ਦੀਆਂ ਧੁੱਪਾਂ ਤੋਂ ਕਿੰਨੀ ਵੱਖ ਨਿਕਲੀ ਸੀ**
**ਵੱਟ ਚੜ੍ਹਿਆ ਸੀ ਦਿਨ ਭਰ ਦਿਲ ਨੂੰ**
**ਵਿਹਲੀ ਬੈਠੀ ਖਿਝੀ ਪਈ ਸਾਂ**
**ਸੂਰਜ ਡੁੱਬਣ ਵੇਲੇ ਪਰਬਤ ਵੱਲੋਂ**
**ਸੰਘਣੀ ਕਾਲੀ ਘਟ ਦੇ ਅੱਗੇ**
**ਉਡਦੇ ਆਏ ਬਗਲੇ ਬੱਗੇ।**
**ਪਤਾ ਨਹੀਂ ਕਿਥੋਂ ਰਾਹ ਭੁੱਲਾ**
**ਆ ਵੜਿਆ ਉਹ**
**ਮੁਸਕਾਂਦਾ ਖੁਸ਼ਬੋ ਫੈਲਾਂਦਾ**
**ਠੰਡੀ ਨਰਮ ਹਵਾ ਦਾ ਬੁੱਲਾ।**
**ਠੰਢੇ ਨਿੰਬੂ ਪਾਣੀ ਪਿਛੋਂ**
**ਜਦ ਹੋ ਗਈ ਤਬੀਅਤ ਵੱਲ ਸੀ**
**ਚਾਰ ਕੁ ਚੁੰਮਣ ਕਿਹੜੀ ਗੱਲ ਸੀ।**

ਕੁਝ ਆਲੋਚਕਾਂ ਨੇ ਮੀਸ਼ਾ ਦੀਆਂ ਕਵਿਤਾਵਾਂ ਵਿਚ 'ਆਇਰਨੀ' ਤੇ ਵਿਅੰਗ ਵੱਲ ਸੰਕੇਤ ਕੀਤਾ ਹੈ। ਆਮ ਕਰਕੇ 'ਆਇਰਨੀ' ਦੇ ਚਮਤਕਾਰ ਉਸਦੀਆਂ ਗ਼ਜ਼ਲਾਂ ਵਿਚ ਅਤੇ ਵਿਅੰਗ ਦਾ ਪ੍ਰਯੋਗ ਉਸਦੀਆਂ ਕਵਿਤਾਵਾਂ ਵਿਚ ਵੇਖਿਆ ਜਾ ਸਕਦਾ ਹੈ। ਸਾਰੀਆਂ ਕਵਿਤਾਵਾਂ ਵਿਚ ਤਾਂ ਨਹੀਂ, ਪਰੰਤੂ ਕੁਝ ਇਕ ਕਵਿਤਾਵਾਂ ਵਿਚ ਜ਼ਰੂਰ ਮੀਸ਼ਾ ਨੇ ਵਿਅੰਗ ਨੂੰ ਮੁੱਖ ਰੱਖ ਕੇ ਕਾਵਿ-ਯੋਜਨਾ ਨੂੰ ਰੂਪਮਾਨ ਕੀਤਾ ਹੈ। ਪੁਸ਼ਟੀ ਲਈ 'ਫੁਕਰਾ', 'ਨਵਾਂ ਸਾਲ', 'ਕੈਬਰੇ ਤੋਂ ਬਾਅਦ', 'ਮੋਮਜਾਮਾ', 'ਨੇਕੀ', 'ਸ਼ੁਭ ਇਛਾਵਾਂ', 'ਏਸ ਸ਼ਹਿਰ ਵਿਚ', 'ਕੱਚ ਦੇ ਵਸਤਰ' ਤੇ 'ਬੱਦਲ' ਵਰਗੀਆਂ ਕਵਿਤਾਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ।

ਡਾ. ਸਤਿੰਦਰ ਸਿੰਘ ਨੂਰ ਨੇ ਅੰਮ੍ਰਿਤਾ-ਮੋਹਨ ਸਿੰਘ-ਕਾਵਿਧਾਰਾ ਨਾਲੋਂ ਮੀਸ਼ਾ ਦੀ ਵਿਲੱਖਣਤਾ ਦਾ ਰਾਜ਼ ਉਸਦੀ ਕਾਵਿਭਾਸ਼ਾ ਵਿਚ ਲੱਭਿਆ ਹੈ। ਉਸ ਅਨੁਸਾਰ, ÷ਉਸਨੇ (ਮੀਸ਼ਾ ਨੇ) ਵੱਖ ਹੋਣ ਦਾ ਰਾਹ ਇਹ ਲੱਭਿਆ ਕਿ ਮੋਹਨ ਸਿੰਘ ਦੀ ਸ਼ਹਿਰੀ ਮਧਸ਼੍ਰੇਣੀ ਦੀ ਜ਼ਬਾਨ ਤੋਂ ਵੱਖ ਹੋ ਕੇ ਤੁਰਿਆ ਜਾਏ। ਮੋਹਨ ਸਿੰਘ ਦੇ ਰੁਮਾਂਟਿਕ ਸੁਭਾ ਨੂੰ ਕਵਿਤਾ ਵਿਚ ਨਾ ਅਪਨਾਇਆ ਜਾਏ। .... ਮੀਸ਼ਾ ਪੰਜਾਬੀ ਪਾਠਕਾਂ ਨੂੰ ਇਸੇ ਲਈ ਪ੍ਰਵਾਣਿਤ ਰਿਹਾ ਹੈ, ਕਿਉਂਕਿ ਉਹ ਉਨ੍ਹਾਂ ਨੂੰ ਸਾਧਾਰਨਤਾ ਵਿਚ ਵਿਚਰਦਿਆਂ ਆਰਥਿਕ ਤੇ ਸਮਾਜਕ ਪ੍ਰਬੰਧ ਨਾਲ ਅਸੰਤੁਸ਼ਟਤਾ ਪ੍ਰਗਟ ਕਰਨ ਦਾ ਇਕ ਨਿਗੂਣਾ ਜਿਹਾ ਸਵਾਦ ਵੀ ਦੇ ਦਿੰਦਾ ਹੈ। ਇਸ ਪ੍ਰਸੰਗ ਵਿਚ ਮੀਸ਼ਾ ਵਲੋਂ ਵਰਤਿਆ ਗਿਆ ਮਲਵੱਈ ਸ਼ਬਦ-ਵਿਧਾਨ ਵੀ ਉਲੇਖਯੋਗ ਹੈ। ਉਸਨੇ ਮਾਲਵੇ ਵਿਚ ਪ੍ਰਚੱਲਿਤ ਬਹੁਤ ਸਾਰੇ ਲੋਕ-ਮੁਹਾਵਰੇ ਨਾਲ ਸਬੰਧਿਤ ਸੰਕਲਪਗਤ ਸ਼ਬਦਾਂ ਦਾ ਬੜਾ ਵਿਲੱਖਣ ਪ੍ਰਯੋਗ ਕੀਤਾ ਹੈ। ਜਿਵੇਂ ਦਾਰੂ, ਚਿਤ ਦਾ ਘਾਊਂ ਮਾਊਂ ਹੋਣਾ, ਝੱਤਾ, ਬਾਨ, ਝਕਾਨੀ, ਸੁਫਨੇ, ਗਵਾਣਾ, ਮਿਟਾਣਾ, ਟੌਰ, ਆਵਾਗੌਣ, ਭੰਡੀ ਕਰਨੀ, ਪਾਜ ਖੋਲ੍ਹਣਾ ਆਦਿ।

ਮੀਸ਼ਾ ਨੇ ਆਪਣੀਆਂ ਗ਼ਜ਼ਲਾਂ ਵਿਚ ਇਸਦੇ ਰਵਾਇਤੀ ਸਰੂਪ ਦਾ ਨਿਰਵਾਹ ਨਹੀਂ ਕੀਤਾ, ਸਗੋਂ ਇਸਦੇ ਮਾਧਿਅਮ ਦੁਆਰਾ ਆਪਣੇ ਨਿਵੇਕਲੇ ਹਸਤਾਖਰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਗ਼ਜ਼ਲਾਂ ਵਿਚ ਉਸਨੇ ਕਵਿਤਾਵਾਂ ਦੇ ਸ਼ਿਲਪ ਤੋਂ ਰਤਾ ਵੱਖਰਾ ਹੋ ਕੇ ਉਪਮਾਵਾਂ ਤੇ ਰੂਪਕਾਂ ਦਾ ਕਾਫੀ ਅਧਿਕ ਮਾਤਰਾ ਵਿਚ ਪ੍ਰਯੋਗ ਕੀਤਾ ਹੈ। ਇਹ ਉਪਮਾਵਾਂ ਤੇ ਰੂਪਕ ਕਦੇ ਉਸਨੇ ਪੰਜਾਬ ਦੇ ਸਭਿਆਚਾਰਕ ਵਿਰਸੇ ਵਿਚੋਂ ਲਏ ਹਨ ਅਤੇ ਕਦੇ ਸਮਕਾਲੀਨ ਪਰਿਵੇਸ਼ ਵਿਚੋਂ। ਉਦਾਹਰਣ ਵਜੋਂ :

(i) ਜਦ ਕੰਨਾਂ ਨੂੰ ਕੀਲਦੀ ਝਾਂਜਰ ਦੀ ਛਣਕਾਰ,
ਪੈਰਾਂ ਉਤੇ ਡਿੱਗਦੀ ਸ਼ਮਲੇ ਵਾਲੀ ਪੱਗ।

(ii) ਪੱਛਮ ਦੀ ਤਹਿਜ਼ੀਬ ਦਾ ਖੁੱਲਿਆ ਕਿੱਦਾਂ ਪਾਜ,
ਨੰਗੀ ਲੇਟੀ ਸੜਕ ਤੇ ਹਿੱਪਣ ਪੀ ਕੇ ਭੰਗ।

ਮੀਸ਼ਾ ਸਮੇਂ ਦੇ ਨਾਲ-ਨਾਲ ਤੁਰਨ ਵਾਲਾ ਕਵੀ ਸੀ। ਉਸਦੀਆਂ ਕਵਿਤਾਵਾਂ ਵਿਚ ਸਮਕਾਲੀ ਪੰਜਾਬ ਦੇ ਦੁਖ-ਸੁਖ ਸਮੋਏ ਹੋਏ ਹਨ। ਸੱਜਰੀਆਂ ਕਵਿਤਾਵਾਂ ਤੇ ਗ਼ਜ਼ਲਾਂ ਵਿਚ ਉਸਨੇ ਪੰਜਾਬ ਦੀ ਅਜੋਕੀ ਤ੍ਰਾਸਦੀ ਨੂੰ ਪੰਜਾਬੀਅਤ ਦੀ ਭਾਵਨਾ ਅਨੁਸਾਰ ਉਲੀਕਿਆ ਹੈ।

ਪੰਜਾਬੀ ਕਵੀ ਸ਼ਿਵ ਕੁਮਾਰ ਬਟਾਲਵੀ ਨੇ 'ਨੰਗੀ ਮੁਸਕਾਨ' ਸਿਰਲੇਖ ਹੇਠ ਲਿਖੇ ਮੀਸ਼ਾ ਦੇ ਰੇਖਾਚਿੱਤਰ ਵਿੱਚ ਉਸਦੇ ਵਿਅਕਤਿਤਵ ਦੇ ਬਹੁਤ ਸਾਰੇ ਪੱਖ ਪੇਸ਼ ਕੀਤੇ ਹਨ। ਇਸ ਵਿੱਚ ਸ਼ਿਵ ਨੇ ਮੀਸ਼ਾ ਦੀ ਜ਼ਿੰਦਗੀ ਅਤੇ ਜ਼ਿੰਦਗੀ ਪ੍ਰਤੀ ਉਸਦੀ ਪਹੁੰਚ ਨੂੰ ਰੇਖਾਂਕਿਤ ਕੀਤਾ ਹੈ। ਸ਼ਿਵ ਨੇ ਮੀਸ਼ਾ ਦੀਆਂ 'ਪੰਜ ਦਰਿਆ' ਮੈਗਜ਼ੀਨ (ਸੰਪਾ. ਪ੍ਰੋ. ਮੋਹਨ ਸਿੰਘ) ਵਿੱਚ ਪ੍ਰਕਾਸ਼ਿਤ ਕੁਝ ਕਵਿਤਾਵਾਂ ਨੂੰ ਪੜ੍ਹ ਕੇ ਉਹਨੂੰ ਇੱਕ ਰੂਸੀ ਕਵੀ ਸਮਝ ਲਿਆ ਸੀ। ਸ਼ਿਵ ਨੇ ਇਸ ਰੇਖਾਚਿੱਤਰ ਵਿੱਚ ਮੀਸ਼ਾ ਦੀ ਉਦਾਸੀ ਸਮੇਂ ਗਾਈ ਜਾਣ ਵਾਲੀ ਕਵਿਤਾ 'ਕਾਲ਼ੀ ਰਾਤ 'ਚ ਗੰਡਾਸੀ ਲਿਸ਼ਕੇ...' ਨੂੰ ਵਿਸ਼ੇਸ਼ ਤੌਰ ਤੇ ਉਧ੍ਰਿਤ ਕੀਤਾ ਹੈ।

ਉਸਦੇ ਤੁਰ ਜਾਣ ਪਿਛੋਂ ਚਾਰੇ ਪਾਸੇ ਅੰਧਕਾਰ, ਗੁੱਬਾਰ ਤੇ ਹਨੇਰਾ ਨਜ਼ਰ ਆਉਂਦਾ ਹੈ। ਢੇਰ ਸਮਾਂ ਪਹਿਲਾਂ ਲਿਖੀ ਉਸਦੀ ਇਕ ਕਵਿਤਾ 'ਚੁਰੱਸਤਾ' ਅੱਜ ਵੀ ਕਿੰਨੀ ਸਾਰਥਕ ਤੇ ਸਮੇਂ ਦੀ ਹਾਣੀ ਲਗਦੀ ਹੈ :

ਕਿੰਨੀ ਅੰਨ੍ਹੀ ਹੈ ਇਹ ਰਾਤ !
ਬੁਝ ਗਏ ਸਾਰੇ ਚਿਰਾਗ।
ਸੁੰਘਿਆ ਇਸ ਨੂੰ ਉਦਾਸੀ-ਸੱਪ ਨੇ,
ਸੌਂ ਗਿਆ ਕਿ ਮਰ ਗਿਆ ਇਹ ਸ਼ਹਿਰ ਹੈ ?
ਇਸ ਫ਼ਿਜ਼ਾ ਦੀ ਰਗ ਰਗ ਵਿਚ ਜ਼ਹਿਰ ਹੈ,
ਕਹਿਰ ਹੈ, ਹਾਏ ਕਹਿਰ ਹੈ।

ਪੰਜਾਬੀ ਦੇ ਇਸ ਉੱਘੇ ਸ਼ਾਇਰ ਤੇ ਆਕਾਸ਼ਵਾਣੀ ਜਲੰਧਰ ਵਿਚ ਪੰਜਾਬੀ ਪ੍ਰੋਗਰਾਮ ਦੇ ਪ੍ਰੋਡਿਊਸਰ ਸੋਹਨ ਸਿੰਘ ਮੀਸ਼ਾ ਦਾ 22 ਸਤੰਬਰ, 1986 ਨੂੰ ਕਪੂਰਥਲਾ ਜ਼ਿਲ੍ਹੇ ਦੀ ਕਾਂਜਲੀ ਨਦੀ ਵਿਚ ਤੈਰਦਿਆਂ ਡੁੱਬਣ ਨਾਲ ਦਿਹਾਂਤ ਹੋ ਗਿਆ ਸੀ।

# ਭੈਣ ਕੋਲੋਂ ਵੀਰਾ ਵੇ ਬੰਨਾ ਲੈ ਰੱਖੜੀ, ਸੋਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
7589155501



ਭੈਣ ਕੋਲੋਂ ਵੀਰਾ ਵੇ ਬੰਨਾ ਲੈ ਰੱਖੜੀ ,ਸੋਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ ÷ ਵੀਰਾਂ ਨਾਲ ਭੈਣਾਂ ਦਾ ਦੇਸ਼ ਵੱਸਦਾ , ਮੈ ਇਕੱਲੀ ਨਹੀਂ ਕਹਿੰਦੀ ਸਾਰਾ ਜੱਗ ਦੱਸਦਾ @@ ਇਸ ਤਰਾਂ ਦੇ ਹਜ਼ਾਰਾਂ ਹੀ ਲੋਕ ਗੀਤ ਭੈਣ ਭਰਾਵਾਂ ਦੇ ਪਿਆਰ ਦੀਆਂ ਬਾਤਾਂ ਪਾਉਂਦੇ ਹਨ ।ਭੈਣਾਂ ਨੂੰ ਤਾਂ ਇੱਕ ਮੌਕਾ ਚਾਹੀਦਾ ਹੁੰਦਾ ਹੈ ਭਰਾਵਾਂ ਨੂੰ ਮਿਲਣ ਵਾਸਤੇ ÷ਕਦੇ ਵੀਰਾਂ ਨੂੰ ਮਿਲਣ ਲਈ ਔਸੀਆਂ ਪਾਉਂਦੀਆਂ ਕਦੇ ਕਾਵਾਂ ਨੂੰ ਟੂੱਕ ।ਇਹ ਕੋਈ ਗੱਲ ਨਿਵੇਕਲੀ ਜਾਂ ਪੁਰਾਣੀ ਨਹੀਂ ਅੱਜ ਵੀ ਜਿਹਨਾਂ ਭੈਣਾਂ ਦਾ ਪਿਆਰ ਭਰਾਵਾਂ ਨਾਲ ਹੁੰਦਾ ਹੈ ਉਹ ਅੱਜ ਵੀ ਆਨੇ ਭਾਣੇ ਭਰਾਵਾਂ ਨੂੰ ਯਾਦ ਕਰਦੀਆਂ ਹੀ ਰਹਿੰਦੀਆਂ ਹਨ ।ਉਸੇ ਲੜੀ ਨੂੰ ਅਗੇ ਵਿਧਾਉਂਦੇ ਹੋਏ ਇਕ ਰੱਖੜੀ ਵੀ ਉਸ ਪਿਆਰ ਦਾ ਹਿੱਸਾ ਹੈ । ਜਿਸ ਕਰਕੇਰੱਖੜੀ ਤਾਂ ਭੈਣ ਭਰਾ ਦੀ ਸਾਂਝ ਤੇ ਸਨੇਹ ਦਾ ਪਿਆਰਾ ਤਿਉਹਾਰ ਹੈ ।ਇਸ ਤਿਉਹਾਰ ਨੂੰ ਪੈਸੇ ਨਾਲ ਨਹੀਂ ਤੋਲਿਆ ਜਾਣਾ ਚਾਹੀਦਾ ।ਰੱਖੜੀ ਦੀ ਕਦਰ ਕੀਮਤ ਉਨਾਂ ਭੈਣਾਂ ਨੂੰ ਪੁੱਛ ਕੇ ਵੇਖੋ ,ਜਿਨ੍ਹਾਂ ਨੂੰ ਰੱਬ ਨੇ ਵੀਰ ਦਿੱਤਾ ਹੀ ਨਾਂ ਹੋਵੇ ਤੇ ਉਹ ਰੱਬ ਨੂੰ ਵਾਰ ਵਾਰ ਬੇਨਤੀਆਂ ਕਰਦੀਆਂ ਰਹੀਆਂ ਹੋਣ ÷ਇੱਕ ਵੀਰ ਦੇਈਂ ਵੇ ਰੱਬਾ ਸੋਂਹ ਖਾਣ ਨੂੰ ਬੜਾ ਚਿੱਤ ਕਰਦਾ ਫ਼ੈਰ ਰੱਬ ਦੀ ਮਾਰ ਅੱਗੇ ਕੀ ਜ਼ੋਰ। ਉਹ ਭੈਣਾਂ ਕਿਸੇ ਮੂੰਹ ਬੋਲੇ ਭਰਾ ਜਾਂ ਤਾਏ,ਚਾਚੇ,ਮਾਮੇ,ਭੂਆ ਦੇ ਪੁੱਤ ਭਰਾ ਦੇ ਮੁੰਡੇ ਨੂੰ ਰੱਖੜੀ ਬੰਨ੍ਹਦੀਆਂ ਵੀ ਹਨ ।ਤਾਂ ਵੀ ਉਨ੍ਹਾਂ ਦੀ ਰੂਹ ਮਾਂ ਜਾਏ ਵੀਰ ਪਿਆਰ ਨੂੰ ਤਰਸਦੀ ਰਹਿੰਦੀ ਹੈ। ਕਈ ਵਾਰ ਨੇਕ ਦਿਲ ਭਰਾ ਨਾਲ਼ ਦੇ ਜੰਮਿਆਂ ਵਾਂਗ ਨਿਭ ਵੀ ਜਾਂਦੇ ਹਨ ।ਪਰ ਇਸ ਸਵਾਰਥੀ ਯੁੱਗ ਵਿੱਚ ਅਜਿਹਾ ਬਹੁਤ ਘੱਟ ਸੰਭਵ ਹੈ ।ਕਈਂ ਲੋਕ ਕਿਸੇ ਦੀ ਇਸ ਘਾਟ ਤੋਂ ਬਹੁਤ ਫਾਇਦੇ ਵੀ ਉਠਾ ਜਾਂਦੇ ਹਨ । ਇਸ ਪਵਿੱਤਰ ਰਿਸ਼ਤੇ ਦਾ ਨਾਂ ਵੀ ਕਲੰਕਤ ਕਰਦੇ ਹਨ। ਕਈ ਵਾਰ ਕੋਈ ਭਰਾ ਵੀ ਭੈਣ ਦੇ ਪਿਆਰ ਨੂੰ ਤਰਸਦਾ ਹੈ। ਕਿਸੇ ਨੂੰ ਮੂੰਹ ਬੋਲੀ ਭੈਣ ਬਣਾ ਲਵੇ ਤਾਂ ਸਾਡਾ ਸਮਾਜ ਉਸਨੂੰ ਛੇਤੀ ਛੇਤੀ ਸਵੀਕਾਰ ਨਹੀਂ ਕਰਦਾ। ਕਈਂ ਵਾਰ ਇਸ ਪਾਕ ਪਵਿੱਤਰ ਰਿਸਤੇ ਤੇ ਊਜਾਂ ਦਾ ਚਿੱਕੜ ਵੀ ਪੈਂਦਾ ਹੈ। ਮੂੰਹ ਬੋਲੇ ਰਿਸ਼ਤੇ ਦੀ ਤਸਵੀਰ ਦੇ ਇਹ ਦੋ ਪਾਸੇ ਹਨ,।ਅਜਿਹੇ ਰਿਸ਼ਤੇ ਵੀ ਬਹੁਤ ਸੋਚ ਸਮਝ ਕੇ ਬਣਾਉਣੇ ਚਾਹੀਦੇ ਹਨ ।ਤਾਂ ਜੋ ਰੱਖੜੀ ਦੀ ਮੋਹ ਭਰੀ ਸੁੱਚੀ ਡੋਰ ਮੈਲੀ ਨਾ ਹੋਵੇ।ਬੇਸ਼ਕ ਭੈਣਾਂ ਦੀ ਰੱਖੜੀ ਜਾਂਦੇ ਵੀਰ ਦੀ ਬਾਂਹ ਨਹੀਂ ਫੜ ਸਕਦੀ । ਉਸਦੀ ਉਮਰ ਲੰਬੀ ਨਹੀਂ ਕਰ ਸਕਦੀ । ਅਜਿਹੀਆਂ ਭੈਣਾਂ ਤੇ ਰੱਖੜੀ ਵਾਲੇ ਦਿਨ ਕੀ ਬੀਤਦੀ ਹੈ। ਇਹ ਉਹ ਹੀ ਜਾਣਦੀਆਂ ਹਨ। ਜਦੋਂ ਉੱਚੇ ਲੰਮੇ ਗੱਭਰੂ ਭਰਾ ਦੀ ਕੜੀ ਵਰਗੀ ਕਲਾਈ ਦੀ ਥਾਂ ਉਸਦੇ ਨਿੱਕੇ ਜਿਹੇ ਪੱਤ ਦੀ ਲਗਰ ਵਰਗੀ ਸੋਹਲ ਕਲਾਈ ਤੇ ਰੱਖੜੀ ਬੰਨ੍ਹਣ ਦੀ ਨੋਬਤ ਆਉਂਦੀ ਹੈ । ਗਲੀਆਂ ਦੇ ਕੱਖ ਵੀ ਰੋਂਦੇ ਹਨ। ਭੈਣਾਂ ਦਾ ਹਰ ਸਾਹ ਹਉਂਕਾ ਬਣ ਜਾਂਦਾ ਹੈ।ਕਿਸੇ ਤਿਉਹਾਰ ਵਿਹਾਰ ਤੇ ਜਦੋਂ ਭਰਾ ਦੇ ਥਾਂ ਪੁੱਤਾਂ ਵਾਂਗ ਪਾਲੇ ਭਤੀਜੇ ਨੂੰ ਖੜ੍ਹਾ ਕੇ ਭੈਣਾਂ ਕਹਿੰਦੀਆਂ ਹਨ ।ਪੁੱਤ ਵੀਰ ਦਾ ਭਤੀਜਾ ਮੇਰਾ ਨਿਉਂ ਜੜ੍ਹ ਮਾਪਿਆਂ ਦੀ ਤਾਂ ਤੋਰ ਗਿਆ ਭਰਾ ਸਾਮਰੱਥ ਉਨ੍ਹਾ ਦੀਆਂ ਅੱਖਾਂ ਅੱਗੇ ਆ ਖੜ੍ਹਦਾ ਹੈ।ਬੇਸ਼ੱਕ ਅੱਜ ਰਿਸ਼ਤਿਆ ਵਿੱਚ ਪਹਿਲਾਂ ਵਾਲੀ ਨਿੱਘ ਤੇ ਨੇੜਤਾ ਨਹੀਂ ਰਹੀ ।ਪਰ ਅਜੇ ਵੀ ਕੁਝ ਲੋਕ ਮੋਹ ਭਰੇ ਦਿਲ ਰੱਖਦੇ ਹਨ। ਰੱਖੜੀ ਬਾਰੇ ਇਸ ਲਿਖਤ ਵਿੱਚ ਕੌੜੀਆਂ ਸੱਚਾਈਆਂ ਨੂੰ ਬਿਆਨ ਕੀਤਾ ਗਿਆ ਹੈ। ਉਹ ਸਿਰਫ ਇਸ ਲਈ ਕਿ ਸਾਰੇ ਭੈਣ ਭਰਾ ਇਸ ਰਿਸ਼ਤੇ ਨੂੰ ਮਹਿਜ ਇਕ ਰਸਮੀ ਤਿਉਹਾਰ ਨਾ ਸਮਝਣ। ਇੱਕ ਦੋ ਚਾਰ ਦਿਨ ਬਾਅਦ ਟੁੱਟ ਜਾਣ ਵਾਲੀ ਡੋਰ ਨਾਲ਼ੋਂ ਇਸ ਦੀ ਕਦਰ ਕੀਮਤ ਪੈਂਦੀ ਹੈ। ਦਿਖਾਵਿਆਂ ਨੂੰ ਛੱਡ ਕੇ ਸਾਦਗੀ ਤੇ ਪਿਆਰ ਸਤਿਕਾਰ ਨਾਲ਼ ਇਹ ਮੋਹ ਦੀਆਂ ਤੰਦਾ ਮਜ਼ਬੂਤ ਕਰਨੀਆਂ ।ਭੈਣ ਭਰਾ ਦੇ ਗੂੜ੍ਹੇ ਰਿਸਤੇ ਲਈ ਵਰਦਾਨ ਬਣ ਜਾਣਗੀਆਂ।ਪਿਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰਨਾਲ਼ ਪੈਂਦਾ ਸੀ। ਦਿਖਾਵੇ ਤੇ ਕੱਪੜੇ ਗਹਿਣੇ ਨਾਲ਼ ਨਹੀਂ। ਬੇਸ਼ੱਕ ਅੱਜ ਵੀ ਅਜਿਹੇ ਭਰਾ ਹਨ; ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਹਨ । ਅਜਿਹੀਆਂ ਭੈਣਾਂ ਵੀ ਹਨ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰਦੀਆ ਤੇ ਪਿਆਰਦੀਆਂ ਹਨ । ਪਰ ਅਜਿਹੇ ਲੋਕ ਹੁਣ ਬਹੁਤ ਘੱਟ ਹਨ। ਭੈਣ ਵਾਂਗ ਦੇ ਪਿਆਰ ਦੀ ਪ੍ਰਤੀਕ, ਇਹ ਰੱਖੜੀ ਬੰਨ੍ਹਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ।ਜੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆ ਤੇ ਖੂਬਸੂਰਤ ਰੱਖੜੀਆ ਦਾ ਕੋਈ ਮਹੱਤਵ ਨਹੀਂ ਹੈ। ਕਈਂ ਭੈਣਾਂ ਸੋਨੇ ਜਾ ਚਾਂਦੀ ਦੀਆਂ ਰੱਖੜੀਆਂ ਵੀ ਭਰਾ ਦੇ ਬੰਨ੍ਹਦੀਆਂ ਹਨ। ਇਹ ਆਪਣੀ ਪਹੁੰਚ ਜਾਂ ਸੋਚ ਤੇ ਨਿਰਭਰ ਹੈ। ਪਰ ਮੋਹ ਦੀ ਤੰਦ ਤਾਂ ਇੱਕ ਧਾਗਾ ਹੀ ਹੋ ਨਿਬੜਦਾ ਹੈ ,ਜੋ ਤਾਂ ਉਮਰ ਰੂਹ ਨਾਂਲ ਨਿਪਟਿਆ ਰਹੇ। ਅੱਜ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ਼ ਨਹੀਂ ਕੱਪੜੇ ਤੇ ਗਹਿਣੇ ਜਾ ਪੈਸੇ ਨਾਲ਼ ਪੈਂਦਾ ਹੈ। ਕਈਂ ਭੈਣਾਂ ਉਸੇ ਭਰਾ ਨੂੰ ਜਿਆਦਾ ਮਾਣ ਆਦਰ ਦਿੰਦੀਆਂ ਹਨ। ਜਿਹੜਾ ਉਨ੍ਹਾ ਦੀ ਰੱਖੜੀ ਦਾ ਜਿਆਦਾ ਮੁੱਲ ਪਾਉਂਦਾ ਹੈ। ਕਈਂ ਘਰਾਂ ਵਿੱਚ ਭਾਬੀਆਂ ਰੱਖੜੀ ਨੂੰ ਮੱਥੇ ਵੱਟ ਵੀ ਪਾਉਂਦੀਆਂ ਹਨ ।ਖਰਚ ਤੇ ਖੇਚਲ ਦੋਵਾਂ ਤੋਂ ਕਤਰਾਉਂਦੀਆਂ ਹਨ। ਕਈਂ ਆਈਆਂ ਨਨਾਣਾ ਨੂੰ ਦਿਲੋਂ ਜੀ ਆਇਆਂ ਕਹਿੰਦੀਆਂ ਹਨ । ਸਰਦਾ ਬਣਦਾ ਮਾਣ ਕਰਦੀਆਂ ਸੋਚਦੀਆਂ ਹਨ। ਕਿ ਇਨ੍ਹਾ ਨੂੰ ਭਰਾ ਓਵੇਂ ਹੀ ਪਿਆਰੇ ਹਨ ਜਿਵੇਂ ਸਾਨੂੰ ਆਪਣੇ ਭਰਾ ਹਨ। ਸਾਰੀਆਂ ਭੈਣਾਂ ਰੱਖੜੀ ਨੂੰ ਪੈਸੇ ਨਾਲ਼ ਨਹੀਂ ਤੋਲਦੀਆਂ। ਕਈਂ ਭੈਣਾਂ ਵੀਰ ਦੇ ਘਰ ਦਾ ਫੋਕੇ ਪਾਣੀ ਦਾ ਗਲਾਸ ਪੀ ਕੇ ਵੀ ਅਸੀਸਾਂ ਦੇਣ ਵਾਲੀਆਂ ਹੁੰਦੀਆ ਹਨ। ਕਈ ਸੂਟ ਦਾ ਰੰਗ ਪਸੰਦ ਨਾ ਹੋਣ ਤੇ ਮੂੰਹ ਮੋਟਾ ਕਰਨ ਵਾਲੀਆਂ ਵੀ।ਗੱਲਾਂ ਤਾਂ ਜਿੰਨੀਆਂ ਮਰਜ਼ੀ ਕਰੀ ਜਾਈਏ ਉਹ ਮੁੱਕਣੀਆਂ ਨਹੀਂ ।ਭੈਣ ਭਰਾਵਾਂ ਦਾ ਪਿਆਰ ਇੱਕ ਧਾਗੇ ਤਕ ਸੀਮਿਤ ਨਹੀਂ ਹੋਣਾ ਚਾਹੀਦਾ । ਜਿਵੇਂ ਭੈਣ ਭਰਾ ਪਹਿਲਾਂ ਨਿੱਕੇ ਨਿੱਕੇ ਹੱਸਦੇ ਖੇਡਦੇ ਰੱਖੜੀ ਬੰਨ ਕੇ ਮਾਂ ਪਿਉ ਤੋਂ ਪੈਸੇ ਲੈਕੇ ਦੋਵੇ ਰਲਕੇ ਖਰਚਦੇ ਹੁੰਦੇ ਹਨ ।ਉਸੇ ਤਰਾਂ ਹੀ ਇਸ ਸਮੇ ਵੀ ਹਸਨ ਖੇਡਣਾ ਭਰਾਵਾਂ ਭਤੀਜਿਆਂ ਨੂੰ ਪਿਆਰ ਵੰਡਣਾ ਬੰਦਾ ਹੈ । ਭੈਣਾਂ ਹੱਸ ਕੇ ਇਹੋ ਹੀ ਕਹਿਣ ÷ਭੈਣ ਕੋਲੋਂ ਵੀਰਾ ਵੇ ਬੰਨਾ ਲੈ ਰੱਖੜੀ ,ਸੋਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ.

# ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਤਿਉਹਾਰ ਰੱਖੜੀ

ਸੁਖਵਿੰਦਰ ਸਿੰਘ ਹੈਪੀ ਮੋਰਿੰਡਾ



ਭਾਰਤੀ ਦੇ ਕੋਨੇ ਕੋਨੇ ਵਿੱਚ ਮਨਾਏ ਜਾਣ ਵਾਲੇ ਅਨੇਕਾਂ ਤਿਉਹਾਰਾਂ ਵਿੱਚੋਂ ‘ਰੱਖੜੀ’ ਜਾਂ ‘ਰਕਸ਼ਾ ਬੰਧਨ’ ਇੱਕ ਅਜਿਹਾ ਪਵਿੱਤਰ ਤਿਉਹਾਰ ਹੈ, ਜੋ ਖ਼ੂਨ ਦੇ ਰਿਸ਼ਤਿਆਂ ਤੋਂ ਵੀ ਉੱਪਰ ਉੱਠ ਕੇ ਨਿਰਛਲ ਪਿਆਰ ਅਤੇ ਰੱਖਿਆ ਦੇ ਅਟੁੱਟ ਵਚਨ ਨੂੰ ਦਰਸਾਉਂਦਾ ਹੈ। ਹਰ ਸਾਲ ਸਾਵਣ ਮਹੀਨੇ ਦੀ ਪੂਰਨਮਾਸ਼ੀ ਨੂੰ ਆਉਣ ਵਾਲਾ ਇਹ ਤਿਉਹਾਰ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦੀ ਮਿਠਾਸ ਅਤੇ ਅਥਾਹ ਸਨੇਹ ਦਾ ਪ੍ਰਤੀਕ ਹੈ। ਇਸ ਤਿਉਹਾਰ ਦਾ ਇਤਿਹਾਸਕ ਪਿਛੋਕੜ ਬਹੁਤ ਪੁਰਾਣਾ ਹੈ। ਇਹ ਕੋਈ ਇੱਕ ਦਿਨ ਵਿੱਚ ਸ਼ੁਰੂ ਹੋਈ ਪ੍ਰੰਪਰਾ ਨਹੀਂ ਹੈ, ਸਗੋਂ ਹਜ਼ਾਰਾਂ ਸਾਲਾਂ ਦੌਰਾਨ ਵਿਕਸਿਤ ਹੋਈ ਸਾਡੀ ਸੰਸਕ੍ਰਿਤੀ ਦੀ ਇੱਕ ਅਨਮੋਲ ਲੜੀ ਹੈ, ਜਿਸ ਦੀਆਂ ਜੜ੍ਹਾਂ ਵੈਦਿਕ ਕਾਲ ਤੱਕ ਜਾਂਦੀਆਂ ਹਨ ਅਤੇ ਜਿਸ ਦਾ ਜ਼ਿਕਰ ਪ੍ਰਾਚੀਨ ਗ੍ਰੰਥਾਂ ਤੇ ਪੁਰਾਣਾਂ ਵਿੱਚ ਵੀ ਮਿਲਦਾ ਹੈ। ਰੱਖੜੀ ਦੇ ਮੁੱਢ ਅਤੇ ਮਹੱਤਵ ਨਾਲ ਕਈ ਪ੍ਰਸਿੱਧ ਇਤਿਹਾਸਕ ਅਤੇ ਪੌਰਾਣਿਕ ਕਹਾਣੀਆਂ ਜੁੜੀਆਂ ਹੋਈਆਂ ਹਨ। ਸਭ ਤੋਂ ਪੁਰਾਣੀ ਮੰਨੀ ਜਾਣ ਵਾਲੀ ਕਥਾ ਅਨੁਸਾਰ, ਦੇਵਤਿਆਂ ਅਤੇ ਦੈਂਤਾਂ ਦੇ ਭੀਸ਼ਮ ਯੁੱਧ ਵਿੱਚ ਜਦੋਂ ਦੇਵਰਾਜ ਇੰਦਰ ਹਾਰਨ ਲੱਗੇ, ਤਾਂ ਉਹਨਾਂ ਦੀ ਪਤਨੀ ਇੰਦਰਾਣੀ ਨੇ ਇੱਕ ਪਵਿੱਤਰ ਧਾਗਾ ਉਹਨਾਂ ਦੀ ਗੁੱਟ ਉੱਤੇ ਬੰਨ੍ਹਿਆ, ਜਿਸ ਦੀ ਸ਼ਕਤੀ ਨਾਲ ਉਹ ਜੰਗ ਜਿੱਤਣ ਵਿੱਚ ਕਾਮਯਾਬ ਹੋਏ। ਇਸੇ ਤਰ੍ਹਾਂ ਮਹਾਭਾਰਤ ਵਿੱਚ ਵੀ ਦ੍ਰੋਪਦੀ ਅਤੇ ਭਗਵਾਨ ਕ੍ਰਿਸ਼ਨ ਦਾ ਪ੍ਰਸਿੱਧ ਪ੍ਰਸੰਗ ਮਿਲਦਾ ਹੈ, ਜਿੱਥੇ ਕ੍ਰਿਸ਼ਨ ਦੀ ਉਂਗਲੀ ਵਿੱਚੋਂ ਖ਼ੂਨ ਵਗਦਾ ਦੇਖ ਕੇ ਦ੍ਰੋਪਦੀ ਨੇ ਆਪਣੀ ਸਾੜੀ ਦਾ ਟੁਕੜਾ ਪਾੜ ਕੇ ਉਹਨਾਂ ਦੀ ਗੁੱਟ @ਤੇ ਬੰਨ੍ਹਿਆ ਸੀ। ਇਸ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਕ੍ਰਿਸ਼ਨ ਜੀ ਨੇ ਹਮੇਸ਼ਾ ਉਸਦੀ ਰੱਖਿਆ ਕਰਨ ਦਾ ਵਚਨ ਦਿੱਤਾ, ਜੋ ਬਾਅਦ ਵਿੱਚ ਚੀਰ-ਹਰਣ ਦੀ ਘਟਨਾ ਵੇਲੇ ਪੂਰਾ ਹੋਇਆ। ਇਤਿਹਾਸ ਦੇ ਪੰਨਿਆਂ ਵਿੱਚ ਵੀ ਇਸਦੀ ਸੁੰਦਰ ਮਿਸਾਲ ਮਿਲਦੀ ਹੈ ਜਦੋਂ ਮੇਵਾੜ ਦੀ ਰਾਣੀ ਕਰਨਾਵਤੀ ਨੇ ਮੁਗ਼ਲ ਬਾਦਸ਼ਾਹ ਹੁਮਾਯੂੰ ਨੂੰ ਰੱਖੜੀ ਭੇਜ ਕੇ ਸੰਕਟ ਵੇਲੇ ਮਦਦ ਦੀ ਗੁਹਾਰ ਲਾਈ ਸੀ ਅਤੇ ਹੁਮਾਯੂੰ ਨੇ ਵੀ ਧਰਮ ਦੀ ਭੈਣ ਦਾ ਮਾਨ ਰੱਖਦਿਆਂ ਉਸਦੀ ਰੱਖਿਆ ਲਈ ਆਪਣੀ ਫ਼ੌਜ ਭੇਜੀ ਸੀ। ਇਹ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਰੱਖੜੀ ਦਾ ਬੰਧਨ ਸਿਰਫ਼ ਸਕੇ ਰਿਸ਼ਤਿਆਂ ਤੱਕ ਸੀਮਿਤ ਨਹੀਂ, ਸਗੋਂ ਵਿਸ਼ਵਾਸ ਅਤੇ ਰੱਖਿਆ ਦਾ ਅਮਰ ਪ੍ਰਤੀਕ ਹੈ। ÷ਰਕਸ਼ਾ ਬੰਧਨ÷ ਸ਼ਬਦ ਅਸਲ ਵਿੱਚ ਦੋ ਅਰਥਾਂ ਦਾ ਸੁਮੇਲ ਹੈ ÷ਰਕਸ਼ਾ÷ ਯਾਨੀ ਰੱਖਿਆ ਅਤੇ ÷ਬੰਧਨ÷ ਯਾਨੀ ਪਿਆਰ ਦੀ ਡੋਰ ਨਾਲ ਬੰਨ੍ਹਣਾ। ਇਸ ਖਾਸ ਦਿਨ ਭੈਣ ਆਪਣੇ ਭਰਾ ਦੇ ਗੁੱਟ @ਤੇ ਰੱਖੜੀ ਬੰਨ੍ਹਦੀ ਹੈ, ਉਸਦਾ ਮੂੰਹ ਮਿੱਠਾ ਕਰਵਾਉਂਦੀ ਹੈ ਅਤੇ ਉਸਦੀ ਲੰਬੀ ਉਮਰ, ਚੰਗੀ ਸਿਹਤ ਅਤੇ ਖੁਸ਼ਹਾਲੀ ਲਈ ਅਰਦਾਸ ਕਰਦੀ ਹੈ। ਇਸ ਦੇ ਬਦਲੇ ਵਿੱਚ ਭਰਾ ਵੀ ਜੀਵਨ ਦੇ ਹਰ ਮੋੜ ਅਤੇ ਹਰ ਔਖੀ ਘੜੀ ਵਿੱਚ ਆਪਣੀ ਭੈਣ ਦੀ ਹਰਸੰਭਵ ਰੱਖਿਆ ਕਰਨ ਦਾ ਪਵਿੱਤਰ ਪ੍ਰਣ ਲੈਂਦਾ ਹੈ। ਸਮੇਂ ਦੇ ਬਦਲਦੇ ਘੇਰੇ ਨਾਲ ਇਸ ਤਿਉਹਾਰ ਦਾ ਸਰੂਪ ਹੋਰ ਵੀ ਵਿਸ਼ਾਲ ਹੋ ਗਿਆ ਹੈ। ਅੱਜ ਦੇ ਸਮੇਂ ਵਿੱਚ ਇਹ ਸਿਰਫ਼ ਸਕੇ ਭੈਣ-ਭਰਾਵਾਂ ਤੱਕ ਹੀ ਸੀਮਿਤ ਨਹੀਂ ਰਿਹਾ, ਸਗੋਂ ਚਚੇਰੇ, ਮਾਸੜੇ ਭੈਣ-ਭਰਾਵਾਂ, ਨੇੜਲੇ ਦੋਸਤਾਂ ਅਤੇ ਗੁਆਂਢੀਆਂ ਵਿੱਚ ਵੀ ਆਪਸੀ ਪਿਆਰ, ਭਾਈਚਾਰੇ ਅਤੇ ਸਤਿਕਾਰ ਵਜੋਂ ਮਨਾਇਆ ਜਾਣ ਲੱਗਾ ਹੈ। ਅਖੀਰ ਵਿੱਚ, ਇਹ ਤਿਉਹਾਰ ਸਾਨੂੰ ਇਹੋ ਸਿਖਾਉਂਦਾ ਹੈ ਕਿ ਰਿਸ਼ਤਿਆਂ ਦੀ ਅਸਲ ਸੁੰਦਰਤਾ ਅਤੇ ਮੁੱਲ ਸਿਰਫ਼ ਖ਼ੂਨ ਦੇ ਸਬੰਧਾਂ ਵਿੱਚ ਨਹੀਂ, ਸਗੋਂ ਅਥਾਹ ਪਿਆਰ, ਅਟੁੱਟ ਵਿਸ਼ਵਾਸ ਅਤੇ ਇੱਕ-ਦੂਜੇ ਦੇ ਨਾਲ ਖੜ੍ਹਨ ਦੀ ਭਾਵਨਾ ਵਿੱਚ ਲੁਕਿਆ ਹੋਇਆ ਹੈ।

# ਕੈਨੇਡਾ ਨਾਲ ਟਰੰਪ ਦੀ ਵਪਾਰਕ ਜੰਗ ਧਮਕੀਆਂ ਤੋਂ ਟੈਰਿਫ਼ਾਂ ਤੱਕ ਪਹੁੰਚੀ

ਸੁਰਜੀਤ ਸਿੰਘ ਫਲੋਰਾ

ਵਾਸ਼ਿੰਗਟਨ ਅਤੇ ਓਟਵਾ ਹੁਣ ਇਕ-ਦੂਜੇ @ਤੇ ਟੈਰਿਫ਼, ਚੇਤਾਵਨੀਆਂ ਅਤੇ ਸਿਆਸੀ ਤਨਜ਼ ਸੁੱਟ ਰਹੇ ਹਨ। ਇਸ ਟਕਰਾਅ ਦਾ ਆਰਥਿਕ ਨੁਕਸਾਨ ਸ਼ਾਇਦ ਬਿਆਨਾਂ ਜਿੰਨਾ ਨਾਟਕੀ ਨਾ ਹੋਵੇ, ਪਰ ਇਸ ਦੇ ਪ੍ਰਭਾਵ ਲੰਮੇ ਸਮੇਂ ਤੱਕ ਰਹਿ ਸਕਦੇ ਹਨ।

ਵਪਾਰਕ ਗੱਲਬਾਤ ਨਾਕਾਮ ਹੋਣ ਤੋਂ ਬਾਅਦ ਡੋਨਾਲਡ ਟਰੰਪ ਨੇ ਕਿਹਾ ਕਿ ਹੁਣ ਕੈਨੇਡਾ ਨੂੰ ÷ਸਬਕ ਸਿਖਾਉਣ÷ ਦਾ ਸਮਾਂ ਆ ਗਿਆ ਹੈ। ਇਸ ਤੋਂ ਕੁਝ ਦਿਨ ਪਹਿਲਾਂ ਉਹ ਕਹਿ ਚੁੱਕੇ ਸਨ ਕਿ ਸਮਝੌਤਾ ਲਗਭਗ ਤੈਅ ਹੈ। ਪਰ ਇਸ ਦੀ ਥਾਂ ਵਾਸ਼ਿੰਗਟਨ ਨੇ ਨਵੇਂ ਟੈਰਿਫ਼ ਲਗਾ ਦਿੱਤੇ, ਓਟਵਾ ਨੇ ਜਵਾਬੀ ਕਾਰਵਾਈ ਦੀ ਧਮਕੀ ਦਿੱਤੀ ਅਤੇ ਦੋਵਾਂ ਦੇਸ਼ਾਂ ਵਿਚਕਾਰ ਤਿੱਖਾ ਵਿਵਾਦ ਖੜ੍ਹਾ ਹੋ ਗਿਆ।

ਅਮਰੀਕਾ ਦੇ ਨਵੇਂ ਟੈਰਿਫ਼ 22 ਅਗਸਤ 2026 ਨੂੰ ਲਾਗੂ ਹੋਏ। ਇਨ੍ਹਾਂ ਤਹਿਤ ਕੈਨੇਡਾ ਤੋਂ ਆਉਣ ਵਾਲੀਆਂ 27.6 ਬਿਲੀਅਨ ਕੈਨੇਡੀਅਨ ਡਾਲਰ, ਜਾਂ 20 ਬਿਲੀਅਨ ਅਮਰੀਕੀ ਡਾਲਰ, ਦੀਆਂ ਵਸਤਾਂ @ਤੇ 50 ਫ਼ੀਸਦੀ ਤੱਕ ਡਿਊਟੀ ਲਗਾਈ ਗਈ ਹੈ। ਊਰਜਾ, ਪੋਟਾਸ਼, ਮੱਛੀ, ਕੁਝ ਮਹੱਤਵਪੂਰਨ ਖਣਿਜ ਅਤੇ ਸੈਕਸ਼ਨ 232 ਤਹਿਤ ਪਹਿਲਾਂ ਹੀ ਟੈਰਿਫ਼ ਦੇ ਘੇਰੇ ਵਿੱਚ ਆਉਣ ਵਾਲੇ ਉਤਪਾਦਾਂ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਹੈ। ਫਿਰ ਵੀ, ਇਸ ਪੈਕੇਜ ਨਾਲ ਸਰਹੱਦ ਪਾਰ ਵਪਾਰ ਦਾ ਵੱਡਾ ਹਿੱਸਾ ਪ੍ਰਭਾਵਿਤ ਹੋਵੇਗਾ।

ਟੈਰਿਫ਼ ਸੂਚੀ ਵਿੱਚ ਸਟੀਲ ਉਤਪਾਦ, ਸੀਮੇਂਟ, ਵਾਈਨ, ਹਾਕੀ ਸਟਿਕਾਂ ਅਤੇ ਲੱਕੜ ਸ਼ਾਮਲ ਹਨ। ਇਹ ਕਦਮ ਸਟੀਲ, ਐਲੂਮੀਨੀਅਮ, ਤਾਂਬੇ, ਵਾਹਨਾਂ, ਆਟੋ ਪਾਰਟਸ ਅਤੇ ਕੈਨੇਡੀਅਨ ਲੱਕੜ @ਤੇ ਲੱਗੀਆਂ ਮੌਜੂਦਾ ਅਮਰੀਕੀ ਡਿਊਟੀਆਂ ਨਾਲ ਜੁੜ ਗਿਆ ਹੈ। ਟਰੰਪ ਨੇ ਕੈਨੇਡੀਅਨ ਵਾਹਨਾਂ, ਆਟੋ ਪਾਰਟਸ ਅਤੇ ਸਟੀਲ @ਤੇ 50 ਫ਼ੀਸਦੀ ਟੈਰਿਫ਼ ਲਗਾਉਣ ਦੀ ਧਮਕੀ ਵੀ ਦਿੱਤੀ ਹੈ, ਪਰ ਅਗਸਤ ਦੇ ਅਖੀਰ ਤੱਕ ਇਸ ਬਾਰੇ ਕੋਈ ਸਰਕਾਰੀ ਹੁਕਮ ਜਾਰੀ ਨਹੀਂ ਕੀਤਾ ਗਿਆ ਸੀ।

ਇਹ ਫ਼ਰਕ ਮਹੱਤਵਪੂਰਨ ਹੈ। ਟੈਰਿਫ਼ ਦਾ ਹੁਕਮ ਲਾਗੂ ਹੁੰਦੇ ਹੀ ਲਾਗਤ ਵਧ ਜਾਂਦੀ ਹੈ। ਸਰਕਾਰ ਨੂੰ ਅਰਥਵਿਵਸਥਾ ਤੋਂ ਕੋਈ ਲਾਭ ਮਿਲਣ ਤੋਂ ਪਹਿਲਾਂ ਹੀ ਕੰਪਨੀਆਂ ਭਰਤੀਆਂ ਰੋਕ ਸਕਦੀਆਂ ਹਨ, ਫੈਕਟਰੀਆਂ ਦੇ ਵਿਸਥਾਰ ਨੂੰ ਟਾਲ ਸਕਦੀਆਂ ਹਨ ਅਤੇ ਪੁਰਜ਼ਿਆਂ ਦੀ ਖਰੀਦ ਘਟਾ ਸਕਦੀਆਂ ਹਨ।

ਟਰੰਪ ਦਾ ਕਹਿਣਾ ਹੈ ਕਿ ਕੈਨੇਡਾ ਅਮਰੀਕਾ ਨੂੰ ਅਜਿਹੀ ਕੋਈ ਚੀਜ਼ ਨਹੀਂ ਦਿੰਦਾ ਜਿਸ ਦੀ ਉਸ ਨੂੰ ÷ਬਿਲਕੁਲ ਲੋੜ÷ ਹੋਵੇ। ਇਹ ਸਿਆਸੀ ਦਾਅਵਾ ਹੈ, ਉੱਤਰੀ ਅਮਰੀਕੀ ਉਦਯੋਗ ਦੀ ਸਹੀ ਤਸਵੀਰ ਨਹੀਂ। ਕੈਨੇਡੀਅਨ ਊਰਜਾ, ਖਣਿਜ, ਬਿਜਲੀ, ਖੇਤੀਬਾੜੀ ਉਤਪਾਦ ਅਤੇ ਤਿਆਰ ਕੀਤੇ ਪੁਰਜ਼ੇ ਅਮਰੀਕੀ ਸਪਲਾਈ ਚੇਨਾਂ ਵਿੱਚ ਗੁੱਥੇ ਹੋਏ ਹਨ। ਰਾਸ਼ਟਰਪਤੀ ਦੇ ਇਕ ਐਲਾਨ ਨਾਲ ਇਹ ਸਬੰਧ ਬਦਲੇ ਨਹੀਂ ਜਾ ਸਕਦੇ।



ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਅਮਰੀਕਾ ਨੇ ਆਖ਼ਰੀ ਪਲ @ਤੇ ਅਨਿਆਇਕ ਮੰਗਾਂ ਰੱਖੀਆਂ। ਟਰੰਪ ਪ੍ਰਸ਼ਾਸਨ ਨੇ ਇਸ ਦੇ ਉਲਟ ਦਾਅਵਾ ਕੀਤਾ ਕਿ ਕੈਨੇਡਾ ਨੇ ਉਸ ਦੀ ਲਾਭਦਾਇਕ ਪੇਸ਼ਕਸ਼ ਠੁਕਰਾ ਦਿੱਤੀ। ਦੋਵਾਂ ਧਿਰਾਂ ਦੇ ਬਿਆਨਾਂ ਨੇ ਸਮਝੌਤੇ ਦੀ ਗੁੰਜਾਇਸ਼ ਹੋਰ ਘਟਾ ਦਿੱਤੀ ਹੈ। ਇਸ ਦੌਰਾਨ ਕੈਨੇਡੀਅਨ ਵਾਰਤਾਕਾਰਾਂ ਬਾਰੇ ਟਰੰਪ ਦੀ ਤਨਜ਼ ਭਰੀ ਭਾਸ਼ਾ ਅਤੇ ਝੀਲ ਓਨਟਾਰੀਓ ਦਾ ਨਾਮ ÷ਲੇਕ ਅਮਰੀਕਾ÷ ਰੱਖਣ ਦੀ ਤਜਵੀਜ਼ ਨੇ ਗੰਭੀਰ ਵਪਾਰਕ ਵਿਵਾਦ ਨੂੰ ਸਿਆਸੀ ਤਮਾਸ਼ੇ ਦਾ ਰੂਪ ਦੇ ਦਿੱਤਾ ਹੈ।

ਕੈਨੇਡਾ ਦੀ ਜਵਾਬੀ ਕਾਰਵਾਈ 8 ਸਤੰਬਰ ਤੋਂ ਸ਼ੁਰੂ ਹੋਵੇਗੀ। ਓਟਵਾ ਨੇ ਲਗਭਗ 27.6 ਬਿਲੀਅਨ ਕੈਨੇਡੀਅਨ ਡਾਲਰ ਦੀਆਂ ਅਮਰੀਕੀ ਦਰਾਮਦਾਂ @ਤੇ 15, 25 ਅਤੇ 50 ਫ਼ੀਸਦੀ ਡਿਊਟੀ ਲਗਾਉਣ ਦੀ ਯੋਜਨਾ ਬਣਾਈ ਹੈ। ਇਹ ਕਦਮ ਵਾਸ਼ਿੰਗਟਨ ਦੀ ਕਾਰਵਾਈ ਦਾ ਉਤਪਾਦ-ਦਰ-ਉਤਪਾਦ ਜਵਾਬ ਹੋਵੇਗਾ। ਇਸ ਸੂਚੀ ਵਿੱਚ ਸਟੀਲ, ਡੇਅਰੀ ਉਤਪਾਦ, ਘਰੇਲੂ ਸਾਜ਼ੋ-ਸਾਮਾਨ, ਖੇਤੀਬਾੜੀ ਮਸ਼ੀਨਰੀ, ਕਾਗਜ਼ ਅਤੇ ਲੱਕੜ, ਪਲਾਸਟਿਕ, ਇਲੈਕਟ੍ਰਾਨਿਕ ਸਮਾਨ, ਫਰਨੀਚਰ, ਕੱਪੜੇ, ਤਿਆਰ ਖਾਣੇ ਅਤੇ ਨਿੱਜੀ ਸਫ਼ਾਈ ਦੀਆਂ ਵਸਤਾਂ ਸ਼ਾਮਲ ਹਨ।

ਜਵਾਬੀ ਟੈਰਿਫ਼ ਦਬਾਅ ਬਣਾਉਣ ਲਈ ਲਗਾਏ ਜਾਂਦੇ ਹਨ, ਪਰ ਉਨ੍ਹਾਂ ਦੀ ਕੀਮਤ ਵੀ ਹੁੰਦੀ ਹੈ। ਦਰਾਮਦਕਾਰ ਪਹਿਲਾਂ ਡਿਊਟੀ ਭਰਦੇ ਹਨ ਅਤੇ ਫਿਰ ਇਸ ਦਾ ਕੁਝ ਹਿੱਸਾ ਰਿਟੇਲਰਾਂ, ਨਿਰਮਾਤਾਵਾਂ ਅਤੇ ਖਪਤਕਾਰਾਂ ਤੱਕ ਪਹੁੰਚਾ ਦਿੰਦੇ ਹਨ। ਕੁਝ ਕੰਪਨੀਆਂ ਘੱਟ ਮੁਨਾਫ਼ਾ ਕਬੂਲ ਕਰਦੀਆਂ ਹਨ। ਇਸ ਦਾ ਬੋਝ ਸਾਰਿਆਂ @ਤੇ ਇਕਸਾਰ ਨਹੀਂ ਪੈਂਦਾ।

ਟਾਇਲਟ ਪੇਪਰ ਇਸ ਦੀ ਸਾਫ਼ ਮਿਸਾਲ ਹੈ। ਕੈਨੇਡਾ ਨੇ ਅਮਰੀਕੀ ਟਿਸ਼ੂ ਉਤਪਾਦਾਂ ਨੂੰ ਜਵਾਬੀ ਡਿਊਟੀ ਦੇ ਘੇਰੇ ਵਿੱਚ ਰੱਖਿਆ ਹੈ, ਜਦਕਿ ਅਮਰੀਕੀ ਨਿਰਮਾਤਾ ਲੱਕੜ ਅਤੇ ਹੋਰ ਕੱਚੇ ਮਾਲ ਲਈ ਕੈਨੇਡਾ @ਤੇ ਨਿਰਭਰ ਹਨ। ਭਾਵੇਂ ਤਿਆਰ ਉਤਪਾਦ ਅਮਰੀਕਾ ਵਿੱਚ ਹੀ ਬਣੇ, ਵਪਾਰਕ ਟਕਰਾਅ ਦੀ ਲਾਗਤ ਵਧ ਸਕਦੀ ਹੈ। ਵਾਹਨਾਂ @ਤੇ ਟੈਰਿਫ਼ ਹੋਰ ਵੀ ਗੰਭੀਰ ਪ੍ਰਭਾਵ ਪਾ ਸਕਦੇ ਹਨ, ਕਿਉਂਕਿ ਕਾਰ ਦੇ ਡੀਲਰ ਤੱਕ ਪਹੁੰਚਣ ਤੋਂ ਪਹਿਲਾਂ ਉਸ ਦੇ ਪੁਰਜ਼ੇ ਕਈ ਵਾਰ ਸਰਹੱਦ ਪਾਰ ਕਰ ਸਕਦੇ ਹਨ।

ਇਸ ਟਕਰਾਅ ਵਿੱਚ ਕੈਨੇਡਾ ਦੀ ਨਿਰਭਰਤਾ ਵੱਧ ਹੈ। 2025 ਵਿੱਚ ਕੈਨੇਡਾ ਦੀਆਂ ਵਸਤੂ ਨਿਰਯਾਤਾਂ ਵਿੱਚੋਂ 71.7 ਫ਼ੀਸਦੀ ਅਮਰੀਕਾ ਨੂੰ ਗਈਆਂ, ਜਦਕਿ ਇਕ ਸਾਲ ਪਹਿਲਾਂ ਇਹ ਹਿੱਸਾ 75.9 ਫ਼ੀਸਦੀ ਸੀ। ਫਿਰ ਵੀ ਅਮਰੀਕਾ ਕੈਨੇਡੀਅਨ ਊਰਜਾ, ਪੋਟਾਸ਼, ਐਲੂਮੀਨੀਅਮ, ਨਿਕਲ, ਯੂਰੇਨੀਅਮ, ਬਿਜਲੀ ਅਤੇ ਉਦਯੋਗਿਕ ਪੁਰਜ਼ਿਆਂ ਦੀ ਥਾਂ ਜਲਦੀ ਨਹੀਂ ਭਰ ਸਕਦਾ। ਨਵੀਆਂ ਖਾਣਾਂ, ਪਾਈਪਲਾਈਨਾਂ, ਰੇਲ ਮਾਰਗਾਂ, ਕਰਾਰਾਂ ਅਤੇ ਪ੍ਰੋਸੈਸਿੰਗ ਕੇਂਦਰਾਂ ਲਈ ਕਈ ਸਾਲ ਲੱਗਦੇ ਹਨ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਹੈ ਕਿ ਬਿਜਲੀ ਅਤੇ ਮਹੱਤਵਪੂਰਨ ਖਣਿਜਾਂ ਦੇ ਮਾਮਲੇ ਵਿੱਚ ÷ਹਰ ਵਿਕਲਪ ਖੁੱਲ੍ਹਾ ਹੈ÷। ਉਨ੍ਹਾਂ ਦੇ ਮੁਤਾਬਕ ਓਨਟਾਰੀਓ ਦੀ ਬਿਜਲੀ ਮਿਸ਼ੀਗਨ, ਮਿਨੇਸੋਟਾ ਅਤੇ ਨਿਊਯਾਰਕ ਵਿੱਚ ਲਗਭਗ 1.5 ਮਿਲੀਅਨ ਘਰਾਂ ਅਤੇ ਕਾਰੋਬਾਰਾਂ ਦੀਆਂ ਲੋੜਾਂ ਪੂਰੀ ਕਰਦੀ ਹੈ। ਓਨਟਾਰੀਓ ਨੇ ਵਿਆਪਕ ਬਿਜਲੀ ਕੱਟ ਦਾ ਹੁਕਮ ਨਹੀਂ ਦਿੱਤਾ, ਪਰ ਫੋਰਡ ਕੈਨੇਡੀਅਨ ਵਸਤਾਂ ਅਤੇ ਸੇਵਾਵਾਂ ਦੀ ਹਰ ਨਿਰਯਾਤ ਨੂੰ ਰੋਕ ਵੀ ਨਹੀਂ ਸਕਦੇ। ਬਿਜਲੀ ਦਾ ਵਪਾਰ ਸੂਬਾਈ ਰੈਗੂਲੇਟਰਾਂ, ਬਿਜਲੀ ਕੰਪਨੀਆਂ, ਸੰਘੀ ਕਾਨੂੰਨਾਂ ਅਤੇ ਸਰਹੱਦ ਪਾਰ ਬਿਜਲੀ ਗਰਿੱਡ ਸਮਝੌਤਿਆਂ ਰਾਹੀਂ ਚੱਲਦਾ ਹੈ।

ਓਨਟਾਰੀਓ ਤੋਂ ਬਿਜਲੀ ਦੀ ਸਪਲਾਈ ਘਟਣ ਨਾਲ ਖੇਤਰੀ ਕੀਮਤਾਂ ਵਧ ਸਕਦੀਆਂ ਹਨ ਅਤੇ ਵੱਧ ਮੰਗ ਵਾਲੇ ਸਮੇਂ ਵਿੱਚ ਭਰੋਸੇਯੋਗਤਾ @ਤੇ ਦਬਾਅ ਪੈ ਸਕਦਾ ਹੈ। ਇਸ ਨਾਲ ਅਮਰੀਕਾ ਦੀ ਬਿਜਲੀ ਪ੍ਰਣਾਲੀ ਬੰਦ ਨਹੀਂ ਹੋਵੇਗੀ, ਪਰ ਓਨਟਾਰੀਓ ਦੀ ਆਮਦਨ ਘਟੇਗੀ ਅਤੇ ਲੰਮੇ ਸਮੇਂ ਤੋਂ ਚੱਲ ਰਹੇ ਗਾਹਕਾਂ ਦੇ ਭਰੋਸੇ @ਤੇ ਅਸਰ ਪਵੇਗਾ। ਨਿਕਲ ਜਾਂ ਯੂਰੇਨੀਅਮ ਦੀ ਸਪਲਾਈ ਰੋਕਣ ਨਾਲ ਕੈਨੇਡੀਅਨ ਉਤਪਾਦਕਾਂ ਨੂੰ ਵੀ ਨੁਕਸਾਨ ਹੋਵੇਗਾ, ਕਿਉਂਕਿ ਉਨ੍ਹਾਂ ਨੂੰ ਅਮਰੀਕੀ ਖਰੀਦਦਾਰਾਂ ਦੀ ਓਨੀ ਹੀ ਲੋੜ ਹੈ ਜਿੰਨੀ ਅਮਰੀਕੀ ਨਿਰਮਾਤਾਵਾਂ ਨੂੰ ਨੇੜਲੀ ਸਪਲਾਈ ਦੀ।ਇਹੀ ਇਸ ਵਪਾਰਕ ਜੰਗ ਦੀ ਮੁੱਖ ਕਮਜ਼ੋਰੀ ਹੈ। ਦੋਵੇਂ ਸਰਕਾਰਾਂ ਇਕ-ਦੂਜੇ ਨੂੰ ਆਰਥਿਕ ਨੁਕਸਾਨ ਪਹੁੰਚਾ ਸਕਦੀਆਂ ਹਨ, ਪਰ ਘਰੇਲੂ ਨੁਕਸਾਨ ਤੋਂ ਬਚ ਨਹੀਂ ਸਕਦੀਆਂ।ਤੁਰੰਤ ਅਗਲੀ ਤਾਰੀਖ 8 ਸਤੰਬਰ ਹੈ, ਜਦੋਂ ਕੈਨੇਡਾ ਦੀ ਜਵਾਬੀ ਕਾਰਵਾਈ ਸ਼ੁਰੂ ਹੋਵੇਗੀ। ਇਸ ਤੋਂ ਵੱਡਾ ਖ਼ਤਰਾ ਟਰੰਪ ਵੱਲੋਂ ਧਮਕਾਏ ਗਏ ਵਾਹਨਾਂ, ਆਟੋ ਪਾਰਟਸ ਅਤੇ ਸਟੀਲ ਦੇ ਟੈਰਿਫ਼ ਹਨ, ਭਾਵੇਂ ਉਨ੍ਹਾਂ ਲਈ ਅਜੇ ਸਰਕਾਰੀ ਹੁਕਮ ਜਾਰੀ ਨਹੀਂ ਹੋਇਆ। ਅਮਰੀਕੀ ਕਾਰ ਨਿਰਮਾਤਾ, ਕਿਸਾਨ, ਉਦਯੋਗ ਅਤੇ ਸਰਹੱਦੀ ਸੂਬਿਆਂ ਦੇ ਅਧਿਕਾਰੀ ਵਾਸ਼ਿੰਗਟਨ @ਤੇ ਦਬਾਅ ਪਾਉਣਗੇ। ਇਸੇ ਤਰ੍ਹਾਂ ਕੈਨੇਡੀਅਨ ਨਿਰਯਾਤਕਾਰ, ਰਿਟੇਲਰ ਅਤੇ ਖਪਤਕਾਰ ਕਾਰਨੀ ਸਰਕਾਰ ਤੋਂ ਜਵਾਬ ਮੰਗਣਗੇ।

ਸਮੇਂ ਦੇ ਨਾਲ ਅਮਰੀਕਾ ਅਤੇ ਕੈਨੇਡਾ ਇਕ-ਦੂਜੇ @ਤੇ ਆਪਣੀ ਨਿਰਭਰਤਾ ਘਟਾ ਸਕਦੇ ਹਨ, ਪਰ ਨੇੜਲੇ ਭਵਿੱਖ ਵਿੱਚ ਪੂਰੀ ਵੱਖਰੀਕਰਨ ਦੀ ਸੰਭਾਵਨਾ ਨਹੀਂ। ਦੋਵਾਂ ਦੇਸ਼ਾਂ ਦੀਆਂ ਫੈਕਟਰੀਆਂ, ਖੇਤ, ਬਿਜਲੀ ਪ੍ਰਣਾਲੀਆਂ ਅਤੇ ਆਵਾਜਾਈ ਮਾਰਗ ਬਹੁਤ ਨੇੜੇ ਜੁੜੇ ਹੋਏ ਹਨ।ਇਸ ਵਿਵਾਦ ਦਾ ਨਤੀਜਾ ਝੀਲਾਂ ਬਾਰੇ ਕੀਤੀਆਂ ਤਨਜ਼ੀ ਟਿੱਪਣੀਆਂ ਨਾਲ ਨਹੀਂ, ਸਗੋਂ ਇਸ ਗੱਲ ਨਾਲ ਤੈਅ ਹੋਵੇਗਾ ਕਿ ਗੱਲਬਾਤ ਮੁੜ ਸ਼ੁਰੂ ਕਰਨ ਤੋਂ ਪਹਿਲਾਂ ਵਾਸ਼ਿੰਗਟਨ ਅਤੇ ਓਟਵਾ ਆਪਣੇ-ਆਪਣੇ ਦੇਸ਼ਾਂ ਵਿੱਚ ਕਿੰਨਾ ਆਰਥਿਕ ਨੁਕਸਾਨ ਸਹਿਣ ਲਈ ਤਿਆਰ ਹਨ।

# ਸੋਚਾਂ ਸੋਚ ਕੇ ਸਿਫ਼ਰ ਨਤੀਜਾ, ਚਿੰਤਾ ਕੋਈ ਹੱਲ ਨਹੀਂ

ਹਰ ਦਿਨ ਅਸੀਂ ਪਤਾ ਨਹੀਂ ਕਿੰਨੇ ਹੀ ਲੋਕਾਂ ਨਾਲ ਮਿਲਦੇ ਹਾਂ। ਕੁਝ ਬਿਲਕੁਲ ਅਜਾਣ ਹੁੰਦੇ ਹਨ ਤੇ ਕੁਝ ਜਾਣ-ਪਛਾਣ ਵਾਲੇ। ਕਿਸੇ ਨਾਲ ਦੋ ਮਿੰਟ ਦੀ ਗੱਲ ਹੁੰਦੀ ਹੈ ਤੇ ਕਿਸੇ ਨਾਲ ਥੋੜ੍ਹਾ ਵੱਧ ਸਮਾਂ ਬੈਠਣਾ ਹੋ ਜਾਂਦਾ ਹੈ। ਪਰ ਅੱਜ ਦੇ ਸਮੇਂ ਵਿੱਚ ਇੱਕ ਗੱਲ ਸਭ ਤੋਂ ਵੱਧ ਮਹਿਸੂਸ ਹੁੰਦੀ ਹੈ ਕਿ ਹਰ ਇਨਸਾਨ ਆਪਣੇ ਹੀ ਸੋਚਾਂ ਦੇ ਸੰਸਾਰ ਵਿੱਚ ਡੁੱਬਿਆ ਹੋਇਆ ਹੈ।

ਕਿਸੇ ਦੇ ਚਿਹਰੇ 'ਤੇ ਉਦਾਸੀ ਦਿਖਾਈ ਦਿੰਦੀ ਹੈ, ਕਿਸੇ ਦੀਆਂ ਅੱਖਾਂ ਵਿੱਚ ਥਕਾਵਟ ਤੇ ਕਿਸੇ ਦੀ ਗੱਲਬਾਤ ਵਿੱਚ ਹੀ ਉਸਦੀ ਪਰੇਸ਼ਾਨੀ ਦਾ ਪਤਾ ਲੱਗ ਜਾਂਦਾ ਹੈ। ਅਸੀਂ ਆਪਣੇ ਕੋਲ ਬੈਠੇ ਇਨਸਾਨ ਨਾਲ ਗੱਲ ਕਰ ਰਹੇ ਹੁੰਦੇ ਹਾਂ, ਪਰ ਸਾਡਾ ਮਨ ਕਿਤੇ ਹੋਰ ਭਟਕ ਰਿਹਾ ਹੁੰਦਾ ਹੈ। ਕੋਈ ਘਰ ਦੀ ਫ਼ਿਕਰ ਵਿੱਚ ਹੁੰਦਾ ਹੈ, ਕੋਈ ਨੌਕਰੀ ਦੀ ਚਿੰਤਾ ਵਿੱਚ, ਕੋਈ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਪਰੇਸ਼ਾਨ ਹੈ ਤੇ ਕੋਈ ਪੈਸੇ, ਕਾਰੋਬਾਰ ਜਾਂ ਜ਼ਿੰਮੇਵਾਰੀਆਂ ਦੇ ਬੋਝ ਹੇਠ ਦੱਬਿਆ ਹੁੰਦਾ ਹੈ।

ਹਰ ਕਿਸੇ ਦੀ ਸਮੱਸਿਆ ਵੱਖਰੀ ਹੈ, ਪਰ ਚਿੰਤਾ ਲਗਭਗ ਹਰ ਕਿਸੇ ਦੇ ਹਿੱਸੇ ਆਈ ਹੋਈ ਹੈ। ਘਰ ਵਿੱਚ ਹੁੰਦੇ ਹਾਂ ਤਾਂ ਕੰਮ ਦੀ ਚਿੰਤਾ, ਕੰਮ 'ਤੇ ਹੁੰਦੇ ਹਾਂ ਤਾਂ ਘਰ ਦੀ ਚਿੰਤਾ ਅਤੇ ਰਾਤ ਨੂੰ ਸੌਣ ਲੱਗਿਆਂ ਆਉਣ ਵਾਲੇ ਕੱਲ੍ਹ ਦੀ ਚਿੰਤਾ। ਇਸ ਤਰ੍ਹਾਂ ਕਈ ਵਾਰ ਅਸੀਂ ਆਪਣਾ ਅੱਜ ਵੀ ਕੱਲ੍ਹ ਦੀ ਫ਼ਿਕਰ ਵਿੱਚ ਗੁਜ਼ਾਰ ਦਿੰਦੇ ਹਾਂ।

ਫ਼ਿਕਰਾਂ ਨੇ ਸਾਡੇ ਚਿਹਰਿਆਂ ਦੀ ਰੌਣਕ ਹੀ ਨਹੀਂ, ਸਗੋਂ ਜ਼ਿੰਦਗੀ ਜਿਊਣ ਦਾ ਚਾਅ ਵੀ ਫਿੱਕਾ ਪਾ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਸਾਨੂੰ ਅੰਦਰੋਂ ਕਿਤੇ ਨਾ ਕਿਤੇ ਇਹ ਵੀ ਪਤਾ ਹੁੰਦਾ ਹੈ ਕਿ ਜੋ ਹੋਣਾ ਹੈ, ਉਹ ਹੋ ਕੇ ਰਹੇਗਾ। ਜੋ ਮਿਲਣਾ ਹੈ, ਉਹ ਮਿਲ ਕੇ ਰਹੇਗਾ ਅਤੇ ਜਿਹੜੀਆਂ ਗੱਲਾਂ ਸਾਡੇ ਵੱਸ ਤੋਂ ਬਾਹਰ ਹਨ, ਉਨ੍ਹਾਂ ਨੂੰ ਸਿਰਫ਼ ਸੋਚਦੇ ਰਹਿਣ ਨਾਲ ਬਦਲਿਆ ਨਹੀਂ ਜਾ ਸਕਦਾ। ਫਿਰ ਵੀ ਸਾਡੀ ਸੋਚ ਕਈ ਵਾਰ ਸਾਡੇ ਉੱਤੇ ਇੰਨੀ ਹਾਵੀ ਹੋ ਜਾਂਦੀ ਹੈ ਕਿ ਸਾਨੂੰ ਇਹ ਅਹਿਸਾਸ ਹੀ ਨਹੀਂ ਰਹਿੰਦਾ ਕਿ ਅਸੀਂ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਉਸਨੂੰ ਆਪਣੇ ਮਨ ਵਿੱਚ ਰੱਖ ਕੇ ਜੀ ਰਹੇ ਹਾਂ।

ਇੱਕੋ ਗੱਲ ਨੂੰ ਸੌ ਵਾਰ ਸੋਚਣਾ ਉਸਦਾ ਹੱਲ ਨਹੀਂ ਬਣਾਉਂਦਾ। ਉਲਟਾ ਮਨ ਥੱਕ ਜਾਂਦਾ ਹੈ, ਹੌਸਲਾ ਘਟਦਾ ਹੈ ਅਤੇ ਉਹੀ ਸੋਚ ਅੰਦਰੋਂ ਸਿਊਂਕ ਵਾਂਗ ਸਾਨੂੰ ਖਾਣ ਲੱਗ ਪੈਂਦੀ ਹੈ। ਕਈ ਵਾਰ ਇਨਸਾਨ ਅਸਲ ਸਮੱਸਿਆ ਨਾਲੋਂ ਉਸ ਬਾਰੇ ਕੀਤੀ ਜਾ ਰਹੀ ਲਗਾਤਾਰ ਸੋਚ ਤੋਂ ਜ਼ਿਆਦਾ ਪਰੇਸ਼ਾਨ ਹੋ ਜਾਂਦਾ ਹੈ।

ਮੰਨਿਆ ਕਿ ਸੋਚਣਾ ਮਨੁੱਖ ਦੀ ਕੁਦਰਤੀ ਆਦਤ ਹੈ। ਕੋਈ ਫ਼ੈਸਲਾ ਲੈਣਾ ਹੋਵੇ ਜਾਂ ਕੋਈ ਕੰਮ ਕਰਨਾ ਹੋਵੇ, ਪਹਿਲਾਂ ਸੋਚਣਾ ਜ਼ਰੂਰੀ ਹੈ। ਸੋਚ-ਵਿਚਾਰ ਨਾਲ ਲਿਆ ਗਿਆ ਫ਼ੈਸਲਾ ਅਕਸਰ ਸਾਨੂੰ ਸਹੀ ਰਸਤਾ ਦਿਖਾਉਂਦਾ ਹੈ। ਪਰ ਸੋਚਣ ਦੀ ਵੀ ਇੱਕ ਹੱਦ ਹੁੰਦੀ ਹੈ। ਇੱਕ ਵਾਰ ਸੋਚ ਕੇ ਫ਼ੈਸਲਾ ਕਰ ਲੈਣਾ ਸਮਝਦਾਰੀ ਹੈ, ਪਰ ਉਸੇ ਗੱਲ ਨੂੰ ਵਾਰ-ਵਾਰ ਸੋਚਣਾ ਆਪਣੀ ਸਿਹਤ ਨੂੰ ਰੋਗ ਲਾਉਣ ਬਰਾਬਰ ਹੈ।

ਸਾਡੇ ਸਾਹਮਣੇ ਅਕਸਰ ਦੋ ਰਸਤੇ ਹੁੰਦੇ ਹਨ। ਇੱਕ ਉਹ ਜੋ ਸਾਨੂੰ ਅੱਗੇ ਵਧਣ ਵੱਲ ਲੈ ਜਾਂਦਾ ਹੈ ਅਤੇ ਦੂਜਾ ਉਹ ਜੋ ਸਾਨੂੰ ਇੱਕੋ ਥਾਂ ਖੜ੍ਹਾ ਰੱਖ ਕੇ ਪਰੇਸ਼ਾਨ ਕਰਦਾ ਰਹਿੰਦਾ ਹੈ। ਚੋਣ ਸਾਡੀ ਹੁੰਦੀ ਹੈ ਕਿ ਅਸੀਂ ਆਪਣੀ ਸੋਚ ਨੂੰ ਰਸਤਾ ਬਣਾਉਣਾ ਹੈ ਜਾਂ ਬੋਝ।

ਜੇ ਸਾਡੇ ਕੋਲੋਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਭ ਤੋਂ ਪਹਿਲਾਂ ਉਸਨੂੰ ਸਵੀਕਾਰ ਕਰਨਾ ਚਾਹੀਦਾ ਹੈ। ਜੇ ਉਹ ਗਲਤੀ ਵਾਪਸ ਠੀਕ ਨਹੀਂ ਕੀਤੀ ਜਾ ਸਕਦੀ ਤਾਂ ਉਸ ਤੋਂ ਸਬਕ ਲੈਣਾ ਚਾਹੀਦਾ ਹੈ। ਆਪਣੇ ਆਪ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਅੱਗੇ ਤੋਂ ਇਹ ਗਲਤੀ ਦੁਬਾਰਾ ਨਹੀਂ ਕਰਾਂਗੇ ਅਤੇ ਜਿੱਥੇ ਤੱਕ ਸੰਭਵ ਹੋਵੇਗਾ, ਉਸਦਾ ਨੁਕਸਾਨ ਸੁਧਾਰਨ ਦੀ ਕੋਸ਼ਿਸ਼ ਕਰਾਂਗੇ।

ਬੀਤਿਆ ਹੋਇਆ ਸਮਾਂ ਸਾਡੇ ਹੱਥ ਵਿੱਚ ਨਹੀਂ, ਪਰ ਉਸ ਤੋਂ ਮਿਲਿਆ ਸਬਕ ਸਾਡੇ ਹੱਥ ਵਿੱਚ ਹੈ। ਜੇ ਅਸੀਂ ਇੱਕ ਗਲਤੀ ਬਾਰੇ ਹੀ ਸੋਚਦੇ ਰਹਾਂਗੇ ਤਾਂ ਹੋ ਸਕਦਾ ਹੈ ਉਸੇ ਗਲਤੀ ਦੀ ਚਿੰਤਾ ਕਰਦਿਆਂ ਅਸੀਂ ਅੱਗੇ ਵੀਹ ਹੋਰ ਗਲਤੀਆਂ ਕਰ ਬੈਠੀਏ। ਇਸ ਲਈ ਗਲਤੀ ਨੂੰ ਆਪਣੀ ਸਜ਼ਾ ਨਹੀਂ, ਆਪਣਾ ਅਧਿਆਪਕ ਬਣਾਉਣਾ ਚਾਹੀਦਾ ਹੈ।

ਇਸੇ ਤਰ੍ਹਾਂ ਭਵਿੱਖ ਦੀ ਚਿੰਤਾ ਵੀ ਸਾਡਾ ਅੱਜ ਖੋਹ ਲੈਂਦੀ ਹੈ। ਕੋਈ ਆਪਣੇ ਬੁਢਾਪੇ ਦੀ ਫ਼ਿਕਰ ਵਿੱਚ ਹੈ, ਕੋਈ ਬੱਚਿਆਂ ਦੇ ਆਉਣ ਵਾਲੇ ਭਵਿੱਖ ਦੀ, ਕੋਈ ਕਾਰੋਬਾਰ ਦੇ ਨਤੀਜੇ ਬਾਰੇ ਸੋਚ ਰਿਹਾ ਹੈ ਤੇ ਕੋਈ ਇਸ ਗੱਲ ਵਿੱਚ ਉਲਝਿਆ ਹੋਇਆ ਹੈ ਕਿ ਜੇ ਮੈਂ ਇਹ ਕਰ ਦਿੱਤਾ ਤਾਂ ਕੱਲ੍ਹ ਕੀ ਹੋਵੇਗਾ। ਭਵਿੱਖ ਲਈ ਯੋਜਨਾ ਬਣਾਉਣਾ ਚੰਗੀ ਗੱਲ ਹੈ, ਪਰ ਭਵਿੱਖ ਦੇ ਡਰ ਵਿੱਚ ਵਰਤਮਾਨ ਨੂੰ ਗੁਆ ਦੇਣਾ ਸਮਝਦਾਰੀ ਨਹੀਂ।

ਜ਼ਿੰਦਗੀ ਅਸਲ ਵਿੱਚ ਸਿਰਫ਼ ਆਉਣ ਵਾਲੇ ਕੱਲ੍ਹ ਦਾ ਨਾਮ ਨਹੀਂ। ਜ਼ਿੰਦਗੀ ਉਹ ਪਲ ਵੀ ਹੈ ਜੋ ਇਸ ਵੇਲੇ ਸਾਡੇ ਕੋਲ ਹੈ। ਜਿਹੜਾ ਸਮਾਂ ਅਸੀਂ ਅੱਜ ਆਪਣੇ ਪਰਿਵਾਰ ਨਾਲ ਬੈਠ ਕੇ ਹੱਸ ਸਕਦੇ ਹਾਂ, ਦੋਸਤ ਨਾਲ ਗੱਲ ਕਰ ਸਕਦੇ ਹਾਂ, ਮਾਪਿਆਂ ਕੋਲ ਕੁਝ ਪਲ ਬਿਤਾ ਸਕਦੇ ਹਾਂ ਜਾਂ ਕੁਦਰਤ ਨੂੰ ਨਿਹਾਰ ਸਕਦੇ ਹਾਂ, ਉਹ ਪਲ ਮੁੜ ਉਸੇ ਰੂਪ ਵਿੱਚ ਵਾਪਸ ਨਹੀਂ ਆਉਂਦਾ।

ਚਿੰਤਾ ਦਾ ਇੱਕ ਹੋਰ ਨੁਕਸਾਨ ਇਹ ਹੈ ਕਿ ਇਹ ਸਾਡੇ ਸੁਭਾਅ ਨੂੰ ਵੀ ਪ੍ਰਭਾਵਿਤ ਕਰਦੀ ਹੈ। ਜਦੋਂ ਮਨ ਅੰਦਰੋਂ ਪਰੇਸ਼ਾਨ ਹੁੰਦਾ ਹੈ ਤਾਂ ਛੋਟੀ ਜਿਹੀ ਗੱਲ ਵੀ ਵੱਡੀ ਲੱਗਣ ਲੱਗ ਪੈਂਦੀ ਹੈ। ਅਸੀਂ ਕਈ ਵਾਰ ਆਪਣੀ ਚਿੰਤਾ ਦਾ ਗੁੱਸਾ ਉਨ੍ਹਾਂ ਲੋਕਾਂ ਉੱਤੇ ਕੱਢ ਦਿੰਦੇ ਹਾਂ ਜਿਨ੍ਹਾਂ ਨਾਲ ਸਾਨੂੰ ਸਭ ਤੋਂ ਵੱਧ ਪਿਆਰ ਹੁੰਦਾ ਹੈ। ਪਰਿਵਾਰ ਵਿੱਚ ਬੇ-ਵਜ੍ਹਾ ਤਕਰਾਰ ਹੋ ਜਾਂਦੀ ਹੈ, ਦੋਸਤਾਂ ਨਾਲ ਮਿਲਣਾ-ਜੁਲਣਾ ਘੱਟ ਹੋ ਜਾਂਦਾ ਹੈ ਅਤੇ ਹੌਲੀ-ਹੌਲੀ ਅਸੀਂ ਆਪਣੀ ਹੀ ਜ਼ਿੰਦਗੀ ਦੇ ਖ਼ੂਬਸੂਰਤ ਪਲਾਂ ਤੋਂ ਦੂਰ ਹੁੰਦੇ ਜਾਂਦੇ ਹਾਂ। ਜਿਹੜੀ ਚੀਜ਼ ਸਾਡੇ ਵੱਸ ਵਿੱਚ ਹੀ ਨਹੀਂ, ਉਸ ਬਾਰੇ ਲਗਾਤਾਰ ਸੋਚਣਾ ਸਿਰਫ਼ ਸਾਡੀ ਆਪਣੀ ਊਰਜਾ ਖ਼ਤਮ ਕਰਦਾ ਹੈ। ਹਰ ਸਮੱਸਿਆ ਦਾ ਤੁਰੰਤ ਹੱਲ ਨਹੀਂ ਮਿਲਦਾ, ਪਰ ਹਰ ਸਮੱਸਿਆ ਨੂੰ ਵਾਰ-ਵਾਰ ਸੋਚਣਾ ਵੀ ਹੱਲ ਨਹੀਂ। ਕਈ ਵਾਰ ਸਮਾਂ ਕੁਝ ਅਜਿਹੇ ਜਵਾਬ ਦੇ ਦਿੰਦਾ ਹੈ ਜੋ ਸਾਡੀ ਸੋਚ ਤੋਂ ਵੀ ਪਰੇ ਹੁੰਦੇ ਹਨ।

ਇਸ ਲਈ ਜਿੱਥੇ ਕੋਸ਼ਿਸ਼ ਦੀ ਲੋੜ ਹੈ, ਉੱਥੇ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਜਿੱਥੇ ਇਨਸਾਨ ਦੀ ਹੱਦ ਖ਼ਤਮ ਹੋ ਜਾਂਦੀ ਹੈ, ਉੱਥੇ ਭਰੋਸਾ ਰੱਖਣਾ ਸਿੱਖਣਾ ਚਾਹੀਦਾ ਹੈ।ਜਦੋਂ ਵੀ ਸਮਾਂ ਮਿਲੇ, ਕੁਝ ਪਲ ਖੁੱਲ੍ਹੀ ਹਵਾ ਵਿੱਚ ਬਿਤਾਈਏ। ਕੁਦਰਤ ਨੂੰ ਦੇਖੀਏ, ਸੈਰ ਕਰੀਏ, ਆਪਣੇ ਪਿਆਰਿਆਂ ਨਾਲ ਗੱਲਬਾਤ ਕਰੀਏ ਅਤੇ ਮਿਲਣ ਵਾਲੇ ਲੋਕਾਂ ਵੱਲ ਇੱਕ ਮੁਸਕਾਨ ਨਾਲ ਵੇਖੀਏ। ਮਨ ਨੂੰ ਸ਼ਾਂਤ ਕਰਨ ਲਈ ਧਿਆਨ, ਸਿਮਰਨ ਜਾਂ ਗੁਰਬਾਣੀ ਨਾਲ ਜੁੜਨਾ ਵੀ ਸਹਾਰਾ ਬਣ ਸਕਦਾ ਹੈ। ਇਹ ਸਾਨੂੰ ਆਪਣੀਆਂ ਉਲਝਣਾਂ ਤੋਂ ਕੁਝ ਪਲ ਦੂਰ ਕਰਕੇ ਸ਼ੁਕਰਾਨੇ ਵੱਲ ਲੈ ਜਾਂਦਾ ਹੈ। ਜਦੋਂ ਇਨਸਾਨ ਕੋਲ ਜੋ ਕੁਝ ਹੈ, ਉਸਦੀ ਕਦਰ ਕਰਨੀ ਸ਼ੁਰੂ ਕਰਦਾ ਹੈ ਤਾਂ ਜੋ ਨਹੀਂ ਹੈ, ਉਸਦੀ ਚਿੰਤਾ ਹੌਲੀ-ਹੌਲੀ ਘੱਟ ਹੋਣ ਲੱਗਦੀ ਹੈ।ਸਾਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਹਰ ਦਿਨ ਇੱਕੋ ਜਿਹਾ ਨਹੀਂ ਹੁੰਦਾ। ਕਦੇ ਹਾਲਾਤ ਸਾਡੇ ਹੱਕ ਵਿੱਚ ਹੁੰਦੇ ਹਨ ਤੇ ਕਦੇ ਸਾਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਮੁਸ਼ਕਲ ਸਮਾਂ ਵੀ ਸਦਾ ਲਈ ਨਹੀਂ ਰਹਿੰਦਾ। ਜਿਵੇਂ ਰਾਤ ਤੋਂ ਬਾਅਦ ਸਵੇਰ ਆਉਂਦੀ ਹੈ, ਉਸੇ ਤਰ੍ਹਾਂ ਔਖੇ ਸਮੇਂ ਤੋਂ ਬਾਅਦ ਹਾਲਾਤ ਵੀ ਬਦਲਦੇ ਹਨ।ਜ਼ਿੰਦਗੀ ਨੂੰ ਹਰ ਪਲ ਕਾਬੂ ਕਰਨ ਦੀ ਕੋਸ਼ਿਸ਼ ਕਰਨ ਦੀ ਬਜਾਏ, ਸਾਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਜਿੱਥੇ ਸਾਡਾ ਵੱਸ ਹੈ ਉੱਥੇ ਮਿਹਨਤ ਕਰੀਏ, ਜਿੱਥੇ ਗਲਤੀ ਹੈ ਉੱਥੇ ਸੁਧਾਰ ਕਰੀਏ, ਜਿੱਥੇ ਭਵਿੱਖ ਹੈ ਉੱਥੇ ਯੋਜਨਾ ਬਣਾਈਏ ਅਤੇ ਜਿੱਥੇ ਸਾਡੇ ਵੱਸ ਤੋਂ ਬਾਹਰ ਹੈ ਉੱਥੇ ਭਰੋਸਾ ਰੱਖੀਏ।

ਕੁਲਬੀਰ ਸ਼ਰਮਾ
ਪਿੰਡ ਅਤੇ ਡਾਕ: ਝਬੇਲਵਾਲੀ
ਮੋਬਾਈਲ ਨੰਬਰ: 8427212104

# ਮਿੱਠਾ ਕੌੜਾ ਹੋ ਗਿਆ

ਬਰਜਿੰਦਰ ਕੌਰ ਬਿਸਰਾਓ...
9988901324



ਵਧਦੇ ਚੀਨੀ ਦੇ ਭਾਅ ਅਤੇ ਮਹਿੰਗਾਈ ਨੇ ਆਮ ਲੋਕਾਂ ਦੀ ਮਿਠਾਸ ਖੋਹ ਲਈ ਹੈ। ਚੀਨੀ ਸਾਡੇ ਰਸੋਈਘਰ ਦੀ ਉਹ ਆਮ ਜਿਹੀ ਚੀਜ਼ ਹੈ ਜਿਸ ਤੋਂ ਬਿਨਾਂ ਸਵੇਰ ਦੀ ਚਾਹ ਅਤੇ ਨਵੀਂ ਸਵੇਰ ਚਾਅ ਦੋਵੇਂ ਅਧੂਰੇ ਲੱਗਦੇ ਹਨ। ਮਹਿਮਾਨ ਆਉਣ ਤਾਂ ਚਾਹ ਵਿੱਚ ਚੀਨੀ, ਤਿਉਹਾਰ ਹੋਵੇ ਤਾਂ ਚੀਨੀ ਵਾਲ਼ੀ ਮਠਿਆਈ, ਘਰ ਵਿੱਚ ਕੋਈ ਖੁਸ਼ੀ ਹੋਵੇ ਤਾਂ ਮੂੰਹ ਮਿੱਠਾ ਕਰਨਾ ਜਾਂ ਕਰਵਾਉਣਾ ਹੁੰਦਾ ਹੈ। ਪਰ ਅੱਜ ਹਾਲਾਤ ਅਜਿਹੇ ਬਣ ਰਹੇ ਹਨ ਕਿ ਚੀਨੀ ਦੀ ਮਿਠਾਸ ਨਾਲੋਂ ਉਸ ਦਾ ਭਾਅ ਜ਼ਿਆਦਾ ਕੌੜਾ ਮਹਿਸੂਸ ਹੋਣ ਲੱਗਿਆ ਹੈ। ਮਹਿੰਗਾਈ ਸਿਰਫ਼ ਕਿਸੇ ਇੱਕ ਚੀਜ਼ ਦੇ ਮਹਿੰਗੇ ਹੋਣ ਦਾ ਨਾਮ ਨਹੀਂ ਹੈ । ਜਦੋਂ ਰਸੋਈ ਦੀਆਂ ਲੋੜੀਂਦੀਆਂ ਚੀਜ਼ਾਂ ਦੇ ਭਾਅ ਹੌਲੀ-ਹੌਲੀ ਵਧਦੇ ਹਨ ਅਤੇ ਆਮਦਨ ਉਸੇ ਰਫ਼ਤਾਰ ਨਾਲ ਨਹੀਂ ਵਧਦੀ, ਤਾਂ ਘਰ ਦਾ ਪੂਰਾ ਬਜਟ ਪ੍ਰਭਾਵਿਤ ਹੋ ਜਾਂਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਮਹਿੰਗਾਈ ਨੂੰ ਮਾਪਣ ਲਈ ਖਪਤਕਾਰ ਮੁੱਲ ਸੂਚਕ ਅੰਕ ਸੀ ਪੀ ਆਈ ਵਰਤਿਆ ਜਾਂਦਾ ਹੈ, ਜਦਕਿ ਖੁਰਾਕੀ ਮਹਿੰਗਾਈ ਲਈ ਕੰਜਿਊਮਰ ਫੂਡ ਪ੍ਰਾਈਸ ਇਨਡੈਕਸ ਮਹੱਤਵਪੂਰਨ ਮਾਪਦੰਡ ਹੈ। ਜੇ ਦੇਖੀਏ ਤਾਂ ਮਈ 2026 ਵਿੱਚ ਭਾਰਤ ਦੀ ਖੁਰਾਕੀ ਮਹਿੰਗਾਈ 4.78 ਫ਼ੀਸਦੀ ਦਰਜ ਕੀਤੀ ਗਈ ਸੀ, ਜਦਕਿ ਸਮੁੱਚੀ ਸੀ ਪੀ ਆਈ ਮਹਿੰਗਾਈ 3.93 ਫ਼ੀਸਦੀ ਸੀ।

ਚੀਨੀ ਮਹਿੰਗੀ ਹੋਵੇ ਤਾਂ ਗੱਲ ਸਿਰਫ਼ ਚਾਹ ਤੱਕ ਨਹੀਂ ਰਹਿੰਦੀ। ਕਈ ਲੋਕ ਸੋਚ ਸਕਦੇ ਹਨ ਕਿ ਚੀਨੀ ਦੇ ਭਾਅ ਵਿੱਚ ਕੁਝ ਰੁਪਏ ਦਾ ਵਾਧਾ ਆਖ਼ਰ ਕਿੰਨਾ ਵੱਡਾ ਮਸਲਾ ਹੈ ? ਪਰ ਇਸ ਦਾ ਅਸਰ ਸਿਰਫ਼ ਘਰ ਵਿੱਚ ਵਰਤੀ ਜਾਣ ਵਾਲੀ ਚੀਨੀ ਤੱਕ ਸੀਮਤ ਨਹੀਂ ਰਹਿੰਦਾ। ਮਠਿਆਈਆਂ, ਬਿਸਕੁਟ, ਬੇਕਰੀ ਉਤਪਾਦ, ਠੰਢੇ ਪੀਣ ਵਾਲੇ ਪਦਾਰਥ ਅਤੇ ਹੋਰ ਕਈ ਖੁਰਾਕੀ ਚੀਜ਼ਾਂ ਦੀ ਲਾਗਤ ’ਤੇ ਵੀ ਇਸ ਦਾ ਪ੍ਰਭਾਵ ਪੈਂਦਾ ਹੈ। ਇੱਕ ਪਾਸੇ ਚੀਨੀ ਮਹਿੰਗੀ ਹੁੰਦੀ ਹੈ, ਦੂਜੇ ਪਾਸੇ ਦੁੱਧ, ਦਾਲਾਂ, ਮਸਾਲੇ, ਸਬਜ਼ੀਆਂ ਅਤੇ ਹੋਰ ਘਰੇਲੂ ਲੋੜਾਂ ਦੇ ਭਾਅ ਵੀ ਪਰਿਵਾਰ ਦੀ ਜੇਬ ’ਤੇ ਆਪਣੇ ਆਪ ਦਬਾਅ ਪਾਉਣ ਲੱਗਦੇ ਹਨ।

ਮਹਿੰਗਾਈ ਦਾ ਪ੍ਰਭਾਵ ਹਰ ਵਿਅਕਤੀ ’ਤੇ ਇਕੋ ਜਿਹਾ ਨਹੀਂ ਪੈਂਦਾ। ਜਿਨ੍ਹਾਂ ਪਰਿਵਾਰਾਂ ਦੀ ਆਮਦਨ ਸੀਮਤ ਹੈ, ਉਨ੍ਹਾਂ ਦੇ ਬਜਟ ਦਾ ਵੱਡਾ ਹਿੱਸਾ ਰੋਜ਼ਾਨਾ ਦੀਆਂ ਜ਼ਰੂਰੀ ਵਸਤਾਂ ’ਤੇ ਖਰਚ ਹੁੰਦਾ ਹੈ। ਇਸ ਲਈ ਜ਼ਰੂਰੀ ਚੀਜ਼ਾਂ ਦੇ ਭਾਅ ਵਿੱਚ ਥੋੜ੍ਹਾ ਜਿਹਾ ਵਾਧਾ ਵੀ ਮਹੀਨੇ ਦੇ ਅਖੀਰ ਵਿੱਚ ਵੱਡਾ ਫ਼ਰਕ ਪਾਉਂਦਾ ਹੈ। ਅਜਿਹੇ ਪਰਿਵਾਰਾਂ ਨੂੰ ਫਿਰ ਚੋਣ ਕਰਨੀ ਪੈਂਦੀ ਹੈ ਕਿ ਕਿਹੜੀ ਚੀਜ਼ ਘੱਟ ਖਰੀਦੀ ਜਾਵੇ, ਕਿਹੜੀ ਚੀਜ਼ ਦੀ ਲੋੜ ਨੂੰ ਕੁਝ ਦਿਨਾਂ ਲਈ ਟਾਲ਼ ਦਿੱਤਾ ਜਾਵੇ ਅਤੇ ਕਿੱਥੇ ਖਰਚਾ ਘਟਾਇਆ ਜਾਵੇ ,ਉਹਨਾਂ ਨੂੰ ਪੁੱਛ ਕੇ ਦੇਖੋ ਜਿਹਨਾਂ ਦੀ ਸਾਰੀ ਜ਼ਿੰਦਗੀ ਇਹੀ ਉਧੇੜ ਬੁਣ ਕਰਦਿਆਂ ਨਿਕਲ਼ ਜਾਂਦੀ ਹੈ। ਇਹੀ ਕਾਰਨ ਹੈ ਕਿ ਮਹਿੰਗਾਈ ਦੇ ਅੰਕੜਿਆਂ ਨਾਲੋਂ ਉਸ ਦਾ ਰਸੋਈ ਦੇ ਬਜਟ ’ਤੇ ਪੈਣ ਵਾਲਾ ਅਸਲ ਪ੍ਰਭਾਵ ਆਮ ਆਦਮੀ ਲਈ ਜ਼ਿਆਦਾ ਮਹੱਤਵ ਰੱਖਦਾ ਹੈ।

ਚੀਨੀ ਦੇ ਭਾਅ ਤੋਂ ਲੈਕੇ ਕਿਸਾਨ ਤੋਂ ਖਪਤਕਾਰ ਤੱਕ ਪੂਰੀ ਲੜੀ ਨੂੰ ਦੇਖਣਾ ਤੇ ਸਮਝਣਾ ਜ਼ਰੂਰੀ ਹੈ। ਚੀਨੀ ਦੀ ਕੀਮਤ ਨੂੰ ਸਮਝਣ ਲਈ ਸਿਰਫ਼ ਦੁਕਾਨ ਦੇ ਰੇਟ ਨੂੰ ਦੇਖਣਾ ਕਾਫ਼ੀ ਨਹੀਂ। ਇਸ ਦੇ ਪਿੱਛੇ ਗੰਨਾ, ਕਿਸਾਨ, ਮਿੱਲਾਂ, ਉਤਪਾਦਨ ਦੀ ਲਾਗਤ, ਊਰਜਾ, ਆਵਾਜਾਈ, ਭੰਡਾਰਨ ਅਤੇ ਬਾਜ਼ਾਰ ਦੀ ਮੰਗ-ਸਪਲਾਈ ਵਰਗੇ ਕਈ ਪੱਖ ਜੁੜੇ ਹੋਏ ਹਨ। ਇਸ ਲਈ ਸਰਕਾਰ ਲਈ ਚੁਣੌਤੀ ਇਹ ਹੈ ਕਿ ਕਿਸਾਨ ਨੂੰ ਉਸ ਦੀ ਫ਼ਸਲ ਦਾ ਵਾਜਬ ਮੁੱਲ ਵੀ ਮਿਲੇ ਅਤੇ ਖਪਤਕਾਰ ਨੂੰ ਬੇਲੋੜੀ ਮਹਿੰਗਾਈ ਦਾ ਸਾਹਮਣਾ ਵੀ ਨਾ ਕਰਨਾ ਪਵੇ। ਦੋਵਾਂ ਵਿਚਕਾਰ ਸੰਤੁਲਨ ਬਣਾਉਣਾ ਹੀ ਨੀਤੀ-ਨਿਰਮਾਣ ਦੀ ਅਸਲ ਕਸੌਟੀ ਹੁੰਦੀ ਹੈ। ਪਰ ਸਾਰਾ ਬੋਝ ਖਪਤਕਾਰਾਂ ਤੇ ਜਦ ਪੈਂਦਾ ਹੈ ਤੇ ਕਿਸਾਨਾਂ ਨੂੰ ਸਹੀ ਮੁੱਲ ਨਹੀਂ ਮਿਲ਼ਦਾ ਤਾਂ ਸਾਰੇ ਜੁੜੇ ਹੋਏ ਵਰਗਾਂ ਵਿੱਚ ਅਸੰਤੁਲਨ ਪੈਦਾ ਹੋ ਜਾਂਦਾ ਹੈ ਜਿਸ ਦੇ ਸਿੱਟੇ ਧਰਨੇ,ਰੋਸ ਮੁਜ਼ਾਹਰੇ ਤੇ ਮਹਿੰਗਾਈ ਤੋਂ ਪ੍ਰੇਸ਼ਾਨ ਲੋਕਾਂ ਦੀ ਹਾਹਾਕਾਰ ਦੇ ਰੂਪ ਵਿੱਚ ਨਿਕਲਦੇ ਹਨ।

ਮਹਿੰਗਾਈ ਸਿਰਫ਼ ਇੱਕ ਅੰਕੜਾ ਨਹੀਂ ਕਹੀ ਜਾ ਸਕਦੀ ਸਗੋਂ ਇਹ ਘਰ ਦੀ ਕਹਾਣੀ ਬਿਆਨ ਕਰਦੀ ਹੈ। ਜਦੋਂ ਸਰਕਾਰੀ ਰਿਪੋਰਟ ਵਿੱਚ ਮਹਿੰਗਾਈ ਦਾ ਅੰਕੜਾ ਆਉਂਦਾ ਹੈ ਤਾਂ ਉਹ ਇੱਕ ਪ੍ਰਤੀਸ਼ਤ ਹੁੰਦਾ ਹੈ, ਪਰ ਘਰ ਦੀ ਰਸੋਈ ਵਿੱਚ ਉਹ ਇੱਕ ਮੋਟੀ ਰਕਮ ਬਣ ਕੇ ਸਾਹਮਣੇ ਆਉਂਦਾ ਹੈ।ਮਹਿੰਗਾਈ ਦਾ ਅਸਰ ਹਰ ਕਿਸੇ ਤੇ ਵੱਖ ਵੱਖ ਤਰੀਕਿਆਂ ਨਾਲ਼ ਪੈਂਦਾ ਹੈ। ਇੱਕ ਪਰਿਵਾਰ ਲਈ ਇਹ ਵਧਿਆ ਹੋਇਆ ਕਰਿਆਨੇ ਦਾ ਬਿੱਲ ਹੁੰਦਾ ਹੈ, ਦੂਜੇ ਲਈ ਮਹੀਨੇ ਦੇ ਅਖੀਰ ਵਿੱਚ ਘੱਟ ਬਚਤ ਅਤੇ ਕਿਸੇ ਹੋਰ ਲਈ ਆਪਣੀਆਂ ਨਿੱਜੀ ਖਾਣ ਪੀਣ ਦੀਆਂ ਜ਼ਰੂਰਤਾਂ ਵਿੱਚ ਕਟੌਤੀ ਕਰਨਾ ਹੁੰਦਾ ਹੈ। ਇਸੇ ਲਈ ਸਰਕਾਰਾਂ ਦੁਆਰਾ ਮਹਿੰਗਾਈ ਨੂੰ ਸਿਰਫ਼ ਇਹ ਕਹਿ ਕੇ ਨਹੀਂ ਸਮਝਾਇਆ ਜਾ ਸਕਦਾ ਕਿ ਮਹਿੰਗਾਈ ਦਰ ਸਿਰਫ਼ ਇੰਨੀ ਵਧੀ। ਇਹ ਵੀ ਦੇਖਣਾ ਜ਼ਰੂਰੀ ਹੈ ਕਿ ਆਮ ਆਦਮੀ ਦੀ ਆਮਦਨ, ਖਰਚ ਅਤੇ ਖਰੀਦਣ ਦੀ ਸਮਰੱਥਾ ਵਿੱਚ ਕੀ ਤਬਦੀਲੀ ਆਈ ਹੈ।

ਚੀਨੀ ਦੇ ਭਾਅ ਅਤੇ ਖੁਰਾਕੀ ਮਹਿੰਗਾਈ ’ਤੇ ਕਾਬੂ ਪਾਉਣ ਲਈ ਸਰਕਾਰ ਨੂੰ ਬਾਜ਼ਾਰ ਦੀ ਨਿਗਰਾਨੀ ਮਜ਼ਬੂਤ ਕਰਨ, ਜਮ੍ਹਾਂਖੋਰੀ ਅਤੇ ਗੈਰ-ਵਾਜਬ ਕੀਮਤਾਂ ਦੇ ਵਾਧੇ ’ਤੇ ਨਜ਼ਰ ਰੱਖਣ ਅਤੇ ਮੰਗ ਦੀ ਸਪਲਾਈ ਵਿੱਚ ਸੰਤੁਲਨ ਬਣਾਈ ਰੱਖਣ ਵੱਲ ਧਿਆਨ ਦੇਣਾ ਪਵੇਗਾ। ਨਾਲ ਹੀ ਖੇਤੀਬਾੜੀ ਉਤਪਾਦਨ, ਸਟੋਰੇਜ ਅਤੇ ਆਵਾਜਾਈ ਦੀਆਂ ਲਾਗਤਾਂ ਘਟਾਉਣ ਵੱਲ ਵੀ ਲੰਮੇ ਸਮੇਂ ਦੀ ਨੀਤੀ ਬਣਾਉਣੀ ਜ਼ਰੂਰੀ ਹੈ। ਮਹਿੰਗਾਈ ਦਾ ਹੱਲ ਸਿਰਫ਼ ਕੀਮਤਾਂ ਨੂੰ ਦਬਾਉਣਾ ਨਹੀਂ, ਸਗੋਂ ਪੂਰੀ ਸਪਲਾਈ ਚੇਨ ਨੂੰ ਸੁਚੱਜਤਾ ਨਾਲ ਨਿਭਾਉਣਾ ਹੈ। ਅੰਤ ਵਿੱਚ ਗੱਲ ਫਿਰ ਉਸੇ ਚੀਨੀ ਦੀ ਆਉਂਦੀ ਹੈ ਜੋ ਕਦੇ ਖੁਸ਼ੀ ਦਾ ਪ੍ਰਤੀਕ ਮੰਨੀ ਜਾਂਦੀ ਸੀ। ਅੱਜ ਜਦੋਂ ਰਸੋਈ ਦਾ ਬਜਟ ਹਰ ਰੁਪਏ ਦਾ ਹਿਸਾਬ ਮੰਗਦਾ ਹੈ ਤਾਂ ਸੱਚਮੁੱਚ ਲੱਗਦਾ ਹੈ ਕਿ ਮਿੱਠਾ ਕੌੜਾ ਹੋ ਗਿਆ ਹੈ। ਚਾਹ ਦਾ ਕੱਪ ਭਾਵੇਂ ਅਜੇ ਵੀ ਮਿੱਠਾ ਹੈ, ਪਰ ਉਸ ਵਿੱਚ ਪੈਣ ਵਾਲੀ ਚੀਨੀ ਦਾ ਭਾਅ ਆਮ ਪਰਿਵਾਰ ਨੂੰ ਇਹ ਸੋਚਣ ਲਈ ਮਜ਼ਬੂਰ ਕਰ ਰਿਹਾ ਹੈ ਕਿ ਮਿਠਾਸ ਸਿਰਫ਼ ਸਵਾਦ ਵਿੱਚ ਨਹੀਂ, ਜ਼ਿੰਦਗੀ ਦੇ ਆਰਥਿਕ ਸੁੱਖ ਵਿੱਚ ਵੀ ਹੋਣੀ ਚਾਹੀਦੀ ਹੈ।

# ਅਜੋਕੇ ਸਮੇਂ ਅੰਦਰ ਕੀ ਹੋਵੇਗਾ ਪੰਜਾਬੀ ਨੌਜਵਾਨਾਂ ਦਾ ਭਵਿੱਖ

ਪ੍ਰੋ. ਗੀਤਾ, ਗੁਰਲੀਨ ਕੌਰ
ਬੋੜਾਵਾਲ ਕਾਲਜ ਮਾਨਸਾ



ਅਜੋਕੇ ਸਮੇਂ ਅੰਦਰ ਪੰਜਾਬੀ ਨੌਜਵਾਨਾਂ ਦੇ ਭਵਿੱਖ ਨੂੰ ਵੇਖ ਕੇ ਕਿਸੇ ਵੀ ਚਿੰਤਾ ਕਰਨ ਵਾਲੇ ਇਨਸਾਨ ਦੇ ਲੂ ਕੰਡੇ ਖੜੇ ਹੋ ਜਾਂਦੇ ਹਨ ਨੌਜਵਾਨਾਂ ਦਾ ਭਵਿੱਖ ਇਸ ਮੌਜੂਦਾ ਸਮੇਂ ਬੇਹੱਦ ਸੰਕਟ ਵਿੱਚ ਚੱਲ ਰਿਹਾ ਹੈ । ਕਿਸੇ ਵੀ ਖੇਤਰ ਦੇ ਅੰਦਰ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਵਿਖਾਈ ਨਹੀਂ ਦਿੰਦਾ ਕੋਈ ਵੀ ਦੇਸ਼ ਹੋਵੇ ਚਾਰੇ ਪਾਸੇ ਇੱਕੋ ਜਿਹਾ ਮਾਹੌਲ ਚੱਲ ਰਿਹਾ ਹੈ । ਗੱਲ ਪੰਜਾਬ ਤੋਂ ਸ਼ੁਰੂ ਕਰੀਏ ਤਾਂ ਬਾਹਰਲੇ ਮੁਲਕਾਂ ਦੇ ਅੰਦਰ ਵੀ ਨੌਜਵਾਨਾ ਦਾ ਭਵਿੱਖ ਬੇਹੱਦ ਗਹਿਰਾਈ ਵੱਲ ਜਾ ਰਿਹਾ ਹੈ । ਕਿਸੇ ਸਮੇਂ ਪੰਜਾਬ ਤੋਂ ਲੈ ਕੇ ਬਾਹਰਲੇ ਸੂਬਿਆਂ ਤੋਂ ਇਲਾਵਾ ਬਾਹਰਲੇ ਮੁਲਕਾਂ ਤੱਕ ਵੀ ਨੌਜਵਾਨਾਂ ਦੀ ਤੂਤੀ ਬੋਲਦੀ ਸੀ ਨੌਜੁਆਨਾਂ ਦੇ ਭਲਵਾਨਾਂ ਵਰਗੇ ਸਰੀਰ ਦਰਸਣੀ ਰੂਹਾਂ ਦੇ ਵਜੋਂ ਜਾਣੇ ਜਾਂਦੇ ਸਨ ਪਰ ਪਤਾ ਨਹੀਂ ਕੀ ਨਜ਼ਰ ਲੱਗੀ ਕਿ ਨੌਜਵਾਨਾਂ ਦਾ ਭਵਿੱਖ ਉਜਲਾ ਹੋਣ ਦੀ ਬਜਾਏ ਉਝਲਦਾ ਹੀ ਚਲਿਆ ਗਿਆ, ਇਸ ਨੂੰ ਬਦਕਿਸਮਤੀ ਆਖ ਸਕਦੇ ਹਾਂ ।

ਗੱਲ ਕਰੀਏ ਉਹਨਾਂ ਨੌਜਵਾਨਾਂ ਦੀ ਜਿਹੜੇ ਬਾਹਰ ਜਾਣ ਦੀ ਆਸ ਦੇ ਵਿੱਚ ਆਪਣਾ ਕਾਫੀ ਵੱਡਾ ਨੁਕਸਾਨ ਕਰਵਾ ਬੈਠੇ ਹਨ । ਪਹਿਲਾਂ ਤਾਂ ਉਹਨਾਂ ਵੱਲੋਂ ਕਈ ਲੱਖਾਂ ਰੁਪਈਏ ਲਾ ਕੇ ਆਈਲੈਟਸ ਕੀਤਾ ਜਾਂਦਾ ਹੈ ਫਿਰ ਉਸ ਤੋਂ ਬਾਅਦ ਸ਼ੁਰੂ ਹੁੰਦੀ ਹੈ ਵੀਜਾ ਨਾ ਲੱਗਣ ਦੀ ਕਹਾਣੀ । ਉਹਦੇ ਵਿੱਚ ਵੀ ਸਾਡੇ ਨੌਜਵਾਨਾਂ ਨੇ ਵੱਡਾ ਨੁਕਸਾਨ ਕਰਵਾਇਆ ਹੈ। ਅਮਰੀਕਾ ਕਨੇਡਾ ਇੰਗਲੈਂਡ ਵਰਗੇ ਮੁਲਕਾਂ ਨੂੰ ਕਰੋੜਾਂ ਰੁਪਏ ਭੇਜ ਕੇ ਪੰਜਾਬ ਨੂੰ ਬਰਬਾਦੀ ਦੇ ਕੰਢੇ ਤੇ ਪਹੁੰਚਾ ਦਿੱਤਾ ਹੈ ਸਾਡੇ ਏਜੰਟਾਂ ਨੇ । ਉਹਨਾਂ ਵੱਲੋਂ ਨੌਜਵਾਨੀ ਨੂੰ ਸਬਜਬਾਗ ਹੀ ਅਜਿਹੇ ਵਿਖਾ ਦਿੱਤੇ ਗਏ ਕਿ ਜਿਵੇਂ ਉੱਥੇ ਡਾਲਰ ਦਰਖਤਾਂ ਨੂੰ ਲੱਗੇ ਹੋਣ ਪੰਜਾਬ ਦਾ ਨੌਜਵਾਨ ਮੌਜੂਦਾ ਸਮੇਂ ਮੌਜੂਦ ਸੀ ਦੇ ਦੌਰ ਵਿੱਚ ਚੱਲ ਰਿਹਾ ਹੈ । ਕਨੇਡਾ, ਇੰਗਲੈਂਡ ਵਰਗੇ ਮੁਲਕਾਂ ਨੂੰ ਕਰੋੜਾਂ ਰੁਪਏ ਖਰਚਣ ਤੋਂ ਬਾਅਦ ਨੌਜਵਾਨੀ ਦੇ ਪੱਲੇ ਪਿੜ ਪੱਲੇ ਕੁਝ ਵੀ ਪੈਂਦਾ ਵਿਖਾਈ ਨਹੀਂ ਦੇ ਰਿਹਾ ।

ਪਿਛਲੇ ਸਮੇਂ ਅੰਦਰ ਕਿਸੇ ਵੀ ਪਰਿਵਾਰ ਦਾ ਇੱਕ ਮੁਖੀ ਬਾਹਰਲੇ ਮੁਲਕ ਵਿੱਚ ਜਾ ਕੇ ਉਥੋਂ ਪੈਸੇ ਕਮਾ ਕੇ ਆਪਣੇ ਪਰਿਵਾਰ ਦਾ ਪੇਟ ਪਾਲ ਲੈਂਦਾ ਸੀ । ਉਹਨਾਂ ਸਮਿਆਂ ਵਿੱਚ ਉਸ ਪਰਿਵਾਰ ਦੇ ਮੁਖੀ ਵੱਲੋਂ ਸਾਇਦ 15 ਤੋਂ 20 ਸਾਲ ਬਾਹਰਲੇ ਮੁਲਕ ਵਿੱਚ ਲਗਾ ਕੇ ਆਪਣੇ ਬੱਚਿਆਂ ਦੇ ਭਵਿੱਖ ਅਤੇ ਪਰਿਵਾਰ ਨੂੰ ਉਜਲਾ ਬਣਾ ਲਿਆ ਜਾਂਦਾ ਸੀ ਪਰ ਸਮਾਂ ਬਦਲਦਿਆਂ ਦੇਰ ਨਾ ਲੱਗੀ ਕਹਾਣੀ ਬੇਹੱਦ ਦਰਦਨਾਕ ਢੰਗ ਨਾਲ ਬਦਲਦੀ ਚਲੀ ਗਈ ਕਿ ਸਾਡੀ ਨੌਜਵਾਨੀ ਹੋਰਾਂ ਮੁਲਕਾਂ ਦੇ ਰਾਹ ਦੀ ਆਦੀ ਹੋ ਗਈ । ਇਹ ਅਜਿਹਾ ਜਾਗ ਲੱਗਿਆ ਕਿ ਸਭ ਕੁਝ ਤਹਿਸ ਨਹਿਸ ਹੁੰਦਾ ਚਲਿਆ ਗਿਆ । ਅੱਜ ਹਾਲਾਤ ਇਥੋਂ ਤੱਕ ਬਣ ਚੁੱਕੇ ਹਨ ਕਿ ਨਸ਼ਾ ਪੈਸਾ ਅਤੇ ਸ਼ੋਹਰਤ ਨੂੰ ਮੁੱਖ ਰੱਖ ਕੇ ਨੌਜਵਾਨ ਉਜੜੇ ਰਾਹਾਂ ਦੇ ਪਾਂਧੀ ਬਣਦੇ ਜਾ ਰਹੇ ਹਨ ਇਹ ਬਿਲਕੁਲ ਗਲਤ ਵਰਤਾਰਾ ਹੈ । ਮਾਪਿਆਂ ਦੇ ਬਲੀ ਪੁੱਤ ਵਿਦੇਸ਼ਾਂ ਅੰਦਰ ਵੱਡਾ ਨੁਕਸਾਨ ਚੱਲ ਰਹੇ ਹਨ ।

ਬਹੁਤ ਸਾਰੇ ਨੌਜਵਾਨ ਨੇ ਅਜਿਹੀ ਵੀ ਹਨ ਜਿਨਾਂ ਨੂੰ ਕੈਨੇਡਾ ਅਮਰੀਕਾ ਤੇ ਇੰਗਲੈਂਡ ਵਰਗੇ ਮੁਲਖਾਂ ਅੰਦਰ ਰਹਿੰਦਿਆਂ ਕਈ ਕਈ ਸਾਲ ਬੀਤ ਗਏ ਪਰ ਉਹਨਾਂ ਦੇ ਵੀਜੇ ਹੁਣ ਅੱਗੇ ਨਹੀਂ ਵਧ ਰਹੇ । ਨਾ ਉਹ ਪੀਆਰ ਹੋ ਰਹੇ ਹਨ ਇਹ ਵਰਤਾਰਾ ਪੰਜਾਬ ਦੀ ਨੌਜਵਾਨੀ ਦੇ ਨਾਲ ਵੱਡੇ ਪੱਧਰ ਤੇ ਵਾਪਰ ਰਿਹਾ ਹੈ । ਕੈਨੇਡਾ ਦੀ ਧਰਤੀ ਉੱਤੇ ਬਹੁਤ ਸਾਰੇ ਨੌਜਵਾਨ ਅਜਿਹੇ ਹਨ ਜਿੰਨੇ ਦੇ ਵਰਕ ਬੀਜੇ ਖਤਮ ਹੋ ਚੁੱਕੇ ਹਨ ਤੇ ਉਹ ਧਰਨੇ ਤੇ ਬੈਠੇ ਹਨ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨਾਂ ਵੱਲੋਂ ਹਰ ਰੋਜ਼ ਕਨੇਡਾ ਦੇ ਅੰਦਰ ਧਰਨਾ ਦਿੱਤਾ ਜਾ ਰਿਹਾ ਹੈ । ਇਹ ਵਰਤਾਰਾ ਪਿਛਲੇ ਸਮੇਂ ਤੋਂ ਚੱਲ ਰਿਹਾ ਹੈ ਇਹੀ ਹਾਲ ਕਈ ਮੁਲਕਾਂ ਅੰਦਰ ਹੈ ਇਹ ਗੱਲ ਠੀਕ ਹੈ ਕਿ ਧਰਨਾ ਲਗਾਉਣਾ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦਾ ਪਰ ਜੇਕਰ ਕਿਸੇ ਦੀ ਕੋਈ ਸੁਣਵਾਈ ਨਾ ਹੋਵੇ ਤਾਂ ਉਸਦੇ ਕੋਲ ਚਾਰਾ ਵੀ ਕੋਈ ਨਹੀਂ ਰਹਿ ਜਾਂਦਾ । ਪੰਜਾਬ ਦੇ ਨੌਜਵਾਨ ਆਪਣਾ ਲੱਖਾਂ ਰੁਪਿਆਂ ਖਰਚ ਕੇ ਵਿਦੇਸ਼ਾਂ ਅੰਦਰ ਗਏ ਸੀ ।

ਉਥੋਂ ਪੀਆਰ ਨਾ ਮਿਲਣ ਕਾਰਨ ਉਹਨਾਂ ਕੋਲੇ ਕੋਈ ਵੀ ਰਾਹ ਨਹੀਂ ਬਚਿਆ । ਬਹੁਤ ਸਾਰੇ ਬੱਚੇ ਨਸ਼ੇ ਦੇ ਆਦੀ ਹੋ ਚੁੱਕੇ ਹਨ ਬਹੁਤ ਸਾਰੇ ਲੜਾਈਆਂ ਝਗੜਿਆਂ ਦੇ ਵਿੱਚ ਉਲਝ ਕੇ ਜੇਲਾਂ ਵਿੱਚ ਜਾ ਚੁੱਕੇ ਹਨ ਅਤੇ ਬਹੁਤ ਸਾਰੇ ਖੁਦਕੁਸ਼ੀਆਂ ਵਰਗੇ ਗਲਤ ਕਦਮ ਚੁੱਕ ਰਹੇ ਹਨ ਇਹ ਵਰਤਾਰਾ ਬੇਹੱਦ ਖਤਰਨਾਕ ਹੈ । ਇਹ ਕਹਾਣੀ ਕੋਈ ਇੱਕ ਦਿਨ ਦੀ ਨਹੀਂ ਹੈ ਇਹ ਵਰਤਾਰਾ ਪਿਛਲੇ ਲੰਬੇ ਸਮੇਂ ਤੋਂ ਵਾਪਰ ਰਿਹਾ ਹੈ, ਨਾ ਸਾਡੇ ਆਗੂਆਂ ਨੇ ਧਿਆਨ ਦਿੱਤਾ ਤੇ ਨਾ ਸਾਡੇ ਮਾਪਿਆਂ ਨੇ ਧਿਆਨ ਦਿੱਤਾ ਕਹਾਣੀ ਉਲਝਦੀ ਹੀ ਚਲੀ ਗਈ ।ਕਿਸੇ ਨੂੰ ਕੀ ਆਖੀਏ ਅਸੀਂ ਸਾਰੇ ਆਪ ਦੋਸੀ ਹਾਂ ਅਸੀਂ ਆਪਣੇ ਧੀਆਂ ਪੁੱਤਰਾਂ ਦਾ ਘਾਣ ਕਰਵਾ ਰਹੇ ਹਾਂ ਸਿਰਫ ਤੇ ਸਿਰਫ ਪੈਸੇ ਪਿੱਛੇ ਹੁਣ ਬਾਹਰਲੇ ਮੁਲਖਾਂ ਅੰਦਰ ਪੈਸਾ ਵੀ ਨਹੀਂ ਰਿਹਾ । ਇਹ ਠੀਕ ਹੈ ਕਿ ਆਪਣੇ ਪਰਿਵਾਰਾਂ ਨੂੰ ਪਾਲਣ ਦੇ ਲਈ ਬਹੁਤ ਕੁਝ ਕਰਨਾ ਪੈਂਦਾ ਹੈ ਪਰ ਨੌਜਵਾਨੀ ਦਾ ਹੋ ਰਿਹਾ ਘਾਣ ਵੀ ਸਾਡੇ ਵਸ ਤੋਂ ਬਾਹਰ ਦੀ ਗੱਲ ਹੈ ।

ਸਾਡੇ ਪਿੜ ਪੱਲੇ ਵੀ ਕੁਝ ਨਹੀਂ ਰਿਹਾ ਕਹਾਣੀ ਬੇਹੱਦ ਗਲਤ ਹੋ ਚੁੱਕੀ ਹੈ । ਪੰਜਾਬੀਓ ਜੇਕਰ ਸੰਭਲਣਾ ਚਾਹੁੰਦੇ ਹੋ ਤਾਂ ਸੰਭਲ ਜਾਓ ਨਹੀਂ ਸਮਾ ਰੇਤ ਦੀ ਮੁੱਠੀ ਵਾਂਗੂੰ ਤੁਹਾਡੇ ਹੱਥ ਦੇ ਵਿੱਚੋਂ ਕਿਰਦਾ ਜਾ ਰਿਹਾ ਹੈ । ਨੌਜਵਾਨੀ ਗਲਤ ਸੰਗਤ ਵਿੱਚ ਪੈ ਕੇ ਬੇਹੱਦ ਗਲਤ ਰਾਹ ਤੇ ਪੈ ਚੁੱਕੀ ਹੈ । ਨਸ਼ੇ ਨੇ ਵੱਡੇ ਪੱਧਰ ਤੇ ਘਰ ਕਰ ਲਿਆ ਹੈ । ਗੁਰਦੁਆਰਿਆਂ ਵਿੱਚ ਲੜਾਈਆਂ ਹੋ ਰਹੀਆਂ ਹਨ ਪੰਜਾਬੀ ਜੇਲ੍ਹ ਦੇ ਵਿੱਚ ਜਾ ਰਹੇ ਹਨ ਅਤੇ ਬਹੁਤ ਸਾਰੇ ਨੌਜਵਾਨ ਖੁਦਕਸ਼ੀ ਕਰ ਰਹੇ ਹਨ । ਇਹ ਵਰਤਾਰਾ ਆਖਰ ਕਦੋਂ ਤੱਕ ਚੱਲੇਗਾ ਕਿਸੇ ਨੂੰ ਵੀ ਇਸ ਦਾ ਕੋਈ ਹੱਲ ਵਿਖਾਈ ਨਹੀਂ ਦਿੰਦਾ । ਸਰਕਾਰਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਾਹਰਲੀਆਂ ਸਰਕਾਰਾਂ ਦੇ ਨਾਲ ਸੰਪਰਕ ਸਾਧ ਕੇ ਨੌਜਵਾਨਾਂ ਦੇ ਖਰਾਬ ਹੋ ਰਹੇ ਭਵਿੱਖ ਸਬੰਧੀ ਚਿੰਤਾ ਕਰਕੇ ਕੋਈ ਸਖਤ ਕਦਮ ਚੁੱਕੇ ਜਾਣ । ਇਸ ਲਈ ਗੁਰਬਾਣੀ ਦੇ ਫਲਸਫੇ ਅਨੁਸਾਰ ਆਓ ਸਾਰੇ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰੀਏ ਤੇ ਗੁਰੂ ਸਾਹਿਬ ਦੇ ਦੱਸੇ ਹੋਏ ਰਸਤੇ ਤੇ ਚੱਲੀਏ ਇਹ ਹੀ ਅੱਜ ਸਮੇਂ ਦੀ ਲੋੜ ਹੈ ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 368

Website: www.preetnama.com Email preetnamausa@gmail.com

28 AUGUST TO 03 SEPTEMBER, 2026




# ਹਰ ਵਿਧਾ ਵਿਚ ਲਿਖਣ ਵਾਲੀ ਸਾਹਿਤਕਾਰ ਅੰਮ੍ਰਿਤਾ ਪ੍ਰੀਤਮ

ਪੰਜਾਬੀ ਲੇਖਕ,ਕਵੀ, ਨਾਵਲਕਾਰ ਅਤੇ ਵਰਤਕਕਾਰ ਅੰਮ੍ਰਿਤਾ ਪ੍ਰੀਤਮ ਦਾ ਜਨਮ 31ਅਗਸਤ 1919 ਨੂੰ ਗਿਆਨੀ ਕਰਤਾਰ ਸਿੰਘ ਹਿਤਕਾਰੀ ਦੇ ਘਰ ਮਾਤਾ ਰਾਜ ਕੌਰ ਦੀ ਕੁਖੌਂ ਮੰਡੀ ਬਹਾਉਦੀਨ ਗੁਜਰਾਂਵਾਲਾ (ਪਾਕਿਸਤਾਨ) ਵਿਚ ਹੋਇਆ। ਇਸ ਦੇ ਪਿਤਾ ਇਕ ਚੰਗੇ ਛੰਦ ਸ਼ਾਸਤਰੀ ਸਨ। ਅੰਮ੍ਰਿਤਾ ਨੂੰ ਲਿਖਣ ਦੀ ਚੇਟਕ ਵੀ ਆਪਣੇ ਪਿਤਾ ਕੋਲੋਂ ਪਈ।



ਅੰਮ੍ਰਿਤਾ ਨੇ 1932 ਵਿਚ ਅਠੱਵੀਂ ਪਾਸ ਕਰ ਲਈ 1933 ਵਿਚ ਇਸ ਨੇ ਗਿਆਨੀ ਪਾਸ ਕਰ ਲਈ ਬਾਅਦ ਵਿਚ 15 ਮਈ 1973 ਨੂੰ ਦਿੱਲੀ ਯੁਨੀਵਰਸਿਟੀ ਵਲੋਂ ਡੀ ਲਿਟ ਦੀ ਆਨਰੇਰੀ ਡਿਗਰੀ ਵੀ ਪ੍ਰਾਪਤ ਕੀਤੀ। ਉਸ ਨੂੰ ਕਈ ਭਸ਼ਾਵਾਂ ਦਾ ਗਿਆਨ ਸੀ।

ਜਦ ਅੰਮ੍ਰਿਤਾ ਚਾਰ ਸਾਲ ਦੀ ਸੀ ਤਾਂ ਇਹਨਾਂ ਦੀ ਮਾਤਾ ਨੇ ਇਸ ਦੀ ਕੁੜਮਈ ਦੂਰ ਦੇ ਰਿਸ਼ਤੇ ਵਿਚ ਭੂਆ ਦੇ ਪੁੱਤਰ ਨਾਲ ਕਰ ਦਿੱਤੀ। ਜਦ ਇਹ ਗਿਆਰਾਂ ਸਾਲ ਦੀ ਹੋਈ ਤਾਂ ਇਸ ਦੀ ਮਾਤਾ ਦੀ ਮੌਤ ਹੋ ਗਈ ਪਿਤਾ ਨੇ 16 ਸਾਲ ਦੀ ਉਮਰ ਵਿਚ ਇਸ ਦਾ ਵਿਆਹ ਉਸ ਥਾਂ ਹੀ ਕਰਕੇ ਆਪਣੀ ਪਤਨੀ ਦੀ ਜੁਬਾਨ ਪੁਗਾਈ ਅਤੇ ਆਪਣਾ ਫ਼ਰਜ ਨਿਭਾਇਆ। ਇਹ ਵਿਆਹ 1936 ਵਿਚ ਪ੍ਰੀਤਮ ਸਿੰਘ ਕਵਾਤੜਾ ਨਾਲ ਹੋਇਆ। ਇਸ ਤੋਂ ਬਾਅਦ ਹੀ ਇਸ ਨੇ ਉਪਨਾਮ ਆਪਣੇ ਪਤੀ ਕੋਲੋਂ ਲੈਕੇ ਅੰਮ੍ਰਿਤਾ ਪ੍ਰੀਤਮ ਬਣ ਗਈ। ਇਹਨਾਂ ਦੇ ਘਰ ਦੋ ਬੱਚੇ ਪੁੱਤਰ ਨਵਰਾਜ ਅਤੇ ਪੁਤਰੀ ਕੰਦਲਾ ਨੇ ਜਨਮ ਲਿਆ। ਇਹ ਆਪਣੇ ਵਿਆਹੁਤਾ ਜੀਵਨ ਤੋਂ ਖੁਸ਼ ਨਹੀ ਸੀ ਇਸ ਕਰਕੇ 1960 ਵਿਚ ਇਸ ਨੇ ਆਪਣੇ ਪਤੀ ਨੂੰ ਛੱਡ ਦਿੱਤਾ।

1936 ਵਿਚ ਅੰਮ੍ਰਿਤਾ ਨੇ ਲਿਖਣਾ ਸ਼ੁਰੂ ਕੀਤਾ ਜਦ ਇਸ ਦਾ ਪਹਿਲਾ ਕਾਵਿ ਸੰਗ੍ਰਿਹ ਪ੍ਰਕਾਸ਼ਤ ਹੋਇਆ ਉਸ ਟਾਇਮ ਇਸ ਦੀ ਉਮਰ 16 ਸਾਲ ਸੀ।1947 ਦੀ ਵੰਡ ਵੇਲੇ ਇਹ ਇਧਰ ਆ ਗਈ ਉਸ ਟਾਇਮ ਇਹ 28 ਸਾਲ ਦੀ ਸੀ ਦੇਸ਼ ਦੀ ਵੰਡ ਨੂੰ ਇਸ ਨੇ ਆਪਣੇ ਪਿੰਡੇ ਤੇ ਹੰਡਾਇਆ। ਲਾਸ਼ਾਂ ਦੇ ਲੱਗੇ ਢੇਰ ਅੰਮ੍ਰਿਤਾ ਪ੍ਰੀਤਮ ਦੇ ਮਨ ਤੇ ਘਰ ਕਰ ਗਏ ਇਹਨਾਂ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਵਾਰਿਸ ਸ਼ਾਹ ਨੂੰ ਮੁਖ਼ਾਤਿਬ ਕਰਕੇ ਇਕ ਕਵਿਤਾ ਲਿਖੀ-

--ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੋਂ ਕਬਰਾਂ ਵਿਚੋਂ ਬੋਲ !

ਛੇ ਦਹਾਕਿਆਂ ਦੇ ਸਾਹਿਤਕ ਸਫ਼ਰ ਦੌਰਾਨ ਅੰਮ੍ਰਿਤਾ ਨੇ ਕਵਿਤਾ, ਨਾਵਲ , ਜੀਵਨੀ, ਨਿਬੰਧ ਆਦਿ ਵਿਧਾਵਾਂ ਦੇ ਅੰਦਰ 100 ਤੋਂ ਵੱਧ ਕਿਤਾਬਾਂ ਲਿਖੀਆਂ। ਇਹਨਾਂ ਵਿਚ ਪੰਜਾਬੀ ਲੋਕ ਗੀਤਾਂ ਦਾ ਇਕ ਸੰਗ੍ਰਿਹ ਅਤੇ ਆਤਮਕਥਾ ਵੀ ਸ਼ਾਮਲ ਹੈ। ਉਸ ਦੀਆਂ ਕਈ ਕਿਤਾਬਾਂ ਦਾ ਭਾਰਤੀ ਅਤੇ ਵਿਦੇਸ਼ੀ ਭਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ।

ਅੰਮ੍ਰਿਤਾ ਪ੍ਰੀਤਮ ਨੂੰ 1956 ਵਿਚ ਸੁਨੇਹੜੇ ਕਾਵਿ- ਸੰਗ੍ਰਿਹ ਤੇ ਸਾਹਿਤ ਐਕਡਮੀ ਪੁਰਸਕਾਰ ਮਿਲਿਆ, 1958 ਵਿਚ ਭਾਸ਼ਾ ਵਿਭਾਗ ਵਲੋਂ ਸਨਮਾਨ ਮਿਲਿਆ, 1969 ਵਿਚ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ, ਸਾਹਿਤ ਕਲਾ ਪ੍ਰੀਸ਼ਦ ਵਲੋਂ 1974 ਵਿਚ ਇਨਾਮ ਮਿਲਿਆ, ਕੰਨੜ ਸਾਹਿਤ ਸੰਮੇਲਨ ਵਿਚ ਆਪ ਨੂੰ 1978 ਵਿਚ ਇਨਾਮ ਮਿਲਿਆ, 1982 ਵਿਚ ਕਾਗਜ ਅਤੇ ਕੈਨਵਸ ਕਾਵਿ ਸੰਗ੍ਰਹਿ ਤੇ ਗਿਆਨ ਪੀਠ ਐਵਾਰਡ ਮਿਲਿਆ, 1988 ਵਿਚ ਬਲਗਾਰਿਆ ਵੈਰੋਵ ਇਨਾਮ (ਅੰਤਰ ਰਾਸ਼ਟਰੀ) ਮਿਲਿਆ, ਆਪਣੀ ਜਿੰਦਗੀ ਦੇ ਅੰਤਿਮ ਦਿਨਾਂ 2005 ਵਿਚ ਅੰਮ੍ਰਿਤਾ ਪ੍ਰੀਤਮ ਨੂੰ ਭਾਰਤ ਦਾ ਦੂਜਾ ਸਭ ਤੋਂ ਵੱਡਾ ਸਨਮਾਨ ਪਦਮ ਵਿਭੂਸ਼ਣ ਮਿਲਿਆ।

31 ਅਕਤੂਬਰ 2005 ਨੂੰ 86 ਸਾਲ ਦੀ ਉਮਰ ਵਿਚ ਅੰਮ੍ਰਿਤਾ ਪ੍ਰੀਤਮ ਦੀ ਦਿੱਲੀ ਵਿਖੇ ਮੌਤ ਹੋ ਗਈ ਪਰ ਉਹ ਭਾਵੇਂ ਸਾਡੇ ਕੋਲੋਂ ਸਰੀਰਕ ਤੌਰ ਤੇ ਚਲੀ ਗਈ ਹੈ ਪਰ ਉਸ ਦਾ ਲਿਖਿਆ ਸਾਹਿਤ ਦਾ ਵੱਡਮੁੱਲਾ ਸਰਮਾਇਆ ਸਾਡੇ ਕੋਲ ਹੈ।

ਸਮਾਪਤ

**ਸੁਖਵਿੰਦਰ ਸਿੰਘ ਮੁੱਲਾਂਪੁਰ**
**ਕੈਲਪੁਰ ਰੋਡ ਮੁੱਲਾਂਪੁਰ ਦਾਖਾ**
$. +91 8427454104

# ‘ਸੰਵਿਧਾਨ ਅੰਦਰ ਦਲਿਤ ਸਮਾਜ ਦੇ ਮਹਾਂਪੁਰਖਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਇਲਾਵਾ ਦੇਸ਼ ਦੇ ਸ਼ਹੀਦਾਂ ਨਾਲ ਹੋਇਆ ਵਿਤਕਰਾ’

**ਮੇਜਰ ਸਿੰਘ ਬੁਢਲਾਡਾ**
**94176 42327**

ਫੇਸਬੁੱਕ ਤੇ ਇਕ ਨਿੱਜੀ ਚੈਨਲ ਵੱਲੋਂ ਬੜਾ ਹੁੱਬ ਕੇ ਦੱਸਿਆ ਜਾ ਰਿਹਾ ਹੈ, ਕਿ ÷ਸੰਵਿਧਾਨ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਲੱਗੀ ਹੋਈ ਹੈ।÷ ਪਰ ਇਹਨਾਂ ਸੱਜਣਾਂ ਨੂੰ ਇਹ ਨਹੀਂ ਪਤਾ ਕਿ @ਸੰਵਿਧਾਨ@ ਦੀ ਮੂਲ ਕਾਪੀ ਦੇ 22 ਭਾਗਾਂ ਦੀ ਸ਼ੁਰੂਆਤ ’ਤੇ ਬਣਾਏ ਗਏ ਚਿੱਤਰਾ ਵਿੱਚ ਪੰਦਰਵੇਂ ਭਾਗ ਵਿੱਚ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਨਾਲ ਤਸਵੀਰ ਬਣਾਈ ਗਈ ਹੈ, ਜਿਸ ਦਾ ਭਾਵ ਹੈ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਛਤਰਪਤੀ ਮਹਾਰਾਜ ਦੇ ਬਰਾਬਰ ਅੱਧਾ ਪੇਜ ਹੀ ਆਇਆ। ਜਦੋਂ ਕਿ ਇਹਨਾਂ ਚਿੱਤਰਾ ਵਿੱਚ ਜੇ ਸਭ ਤੋਂ ਵੱਧ ਸਨਮਾਨ ਦਿੱਤਾ ਗਿਆ ਤਾਂ ਉਹ ਦੇਸ਼ ਵਿੱਚ ਪ੍ਰਚਲਿਤ ਨਾਂ ਮਹਾਤਮਾ ਗਾਂਧੀ, ਜਿਸ ਨੂੰ 17 ਤੇ 18ਵੇਂ ਚਿੱਤਰਾ ਵਿੱਚ ਵਿਸ਼ੇਸ਼ ਦੋ ਪੰਨਿਆਂ ਤੇ ਥਾਂ ਦੇਕੇ ਮਾਣ ਬਖਸ਼ਿਆ ਗਿਆ। ਜਿਸ ਦੇ ਮੁਕਾਬਲੇ ਗੁਰੂ ਗੋਬਿੰਦ ਸਿੰਘ ਜੀ ਨੂੰ ਉਨ੍ਹਾਂ ਸਨਮਾਨ ਨਹੀਂ ਦਿੱਤਾ ਗਿਆ, ਜਿਨਾਂ ਬਣਦਾ ਸੀ।




**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਛਤਰਪਤੀ ਮਹਾਰਾਜ ਦੇ ਬਰਾਬਰ ਅੱਧਾ ਪੇਜ ਹੀ ਆਇਆ। ਜਦੋਂ ਕਿ ਇਹਨਾਂ ਚਿੱਤਰਾ ਵਿੱਚ ਜੇ ਸਭ ਤੋਂ ਵੱਧ ਸਨਮਾਨ ਦਿੱਤਾ ਗਿਆ ਤਾਂ ਉਹ ਦੇਸ਼ ਵਿੱਚ ਪ੍ਰਚਲਿਤ ਨਾਂ ਮਹਾਤਮਾ ਗਾਂਧੀ, ਜਿਸ ਨੂੰ 17 ਤੇ 18ਵੇਂ ਚਿੱਤਰਾ ਵਿੱਚ ਵਿਸ਼ੇਸ਼ ਦੋ ਪੰਨਿਆਂ ਤੇ ਥਾਂ ਦੇਕੇ ਮਾਣ ਬਖਸ਼ਿਆ ਗਿਆ। ਜਿਸ ਦੇ ਮੁਕਾਬਲੇ ਗੁਰੂ ਗੋਬਿੰਦ ਸਿੰਘ ਜੀ ਨੂੰ ਉਨ੍ਹਾਂ ਸਨਮਾਨ ਨਹੀਂ ਦਿੱਤਾ ਗਿਆ, ਜਿਨਾਂ ਬਣਦਾ ਸੀ।**

ਇਹਨਾਂ 22 ਚਿੱਤਰਾਂ ਦੀ ਚੋਣ ਕਿਸ ਨੇ ਕਿਵੇਂ ਕੀਤੀ ? ਇਹਨਾਂ ਦਾ ਮਾਪਦੰਡ ਕੋਈ ਵੀ ਹੋਵੇ, ਇਸਨੂੰ ਸਹੀ ਨਹੀਂ ਮੰਨਿਆ ਜਾ ਸਕਦਾ। ਇਹਨਾਂ 22 ਚਿੱਤਰਾ ਵਿੱਚ ਹੋਰ ਕੌਣ ਕੌਣ ਹਨ ਅਤੇ ਕਿਸ ਕਿਸ ਨੂੰ ਸ਼ਾਮਲ ਕੀਤਾ ਗਿਆ ਹੈ ? ਉਹ ਇਸ ਤਰਾਂ ਹਨ:-

1- ਪਹਿਲੇ ਭਾਗ ਤੇ ਸਿੰਧ ਘਾਟੀ ਨਾਲ ਸਬੰਧਤ ਇੱਕ ਤਾਕਤਵਰ ਬੈਲ ਦੀ ਤਸਵੀਰ ਹੈ।

2- ਤੇ ਵੈਦਿਕ ਕਾਲ ਨਾਲ ਸਬੰਧਿਤ ਗੁਰੂਕੁਲ ਦੀ ਹੈ।

3- ਭਾਗ ਨੂੰ ਸਭ ਤੋਂ ਮਹੱਤਵਪੂਰਨ ਦੱਸਿਆ ਜਾ ਰਿਹਾ ਹੈ, ਜਿਸ ਤੇ ਰਾਮ, ਸੀਤਾ, ਲਛਮਣ ਦੀ ਤਸਵੀਰ ਹੈ, ਇਹ ਭਾਗ ਦੇਸ਼ ਵਾਸੀਆਂ ਨੂੰ ਮੌਲਿਕ ਅਧਿਕਾਰਾਂ ਦੀ ਗੱਲ ਕਰਦਾ ਹੈ (ਰਮਾਇਣ ਮੁਤਾਬਿਕ ਹਰ ਸਾਲ ਸਟੇਜਾਂ ਤੋਂ ਜੋ ਵਿਖਾਇਆ ਜਾ ਹੈ, ਉਹ ਸਭ ਨੂੰ ਯਾਦ ਹੀ ਹੈ।) ਅਤੇ ਇਕ ਚੈਨਲ ਵੱਲੋਂ ਤਾਂ ਇਥੋਂ ਤੱਕ ਕਿਹਾ ਜਾ ਰਿਹਾ ਹੈ ਕਿ ÷ਸੰਵਿਧਾਨ ਦਾ ਇਹ (ਤੀਜਾ) ਭਾਗ ਰਾਮ ਰਾਜ ਸਥਾਪਤ ਕਰਨ ਦੀ ਗੱਲ ਵੀ ਕਰਦਾ ਹੈ।÷

4- ਚੌਥੇ ਭਾਗ ਤੇ ਮਹਾਂਭਾਰਤ ਸਮੇਂ ਕੁਰੂਕਸ਼ੇਤਰ ਵਿਖੇ ਕ੍ਰਿਸ਼ਨ ਜੀ ਵੱਲੋਂ ਅਰਜਨ ਨੂੰ ਗੀਤਾ ਦਾ ਉਪਦੇਸ਼ ਦੇਣ ਵੇਲੇ ਦੀ ਤਸਵੀਰ ਹੈ।

5- ਤੇ ਮਹਾਤਮਾ ਬੁੱਧ ਜੀ ਉਪਦੇਸ਼ ਦੇ ਰਿਹਾ ਹੈ।

6- ਤੇ ਜੈਨ ਧਰਮ ਦੇ ਮਹਾਂਵੀਰ ਜੀ ਦੀ ਤਸਵੀਰ ਹੈ।

7- ਤੇ ਸਮਰਾਟ ਰਾਜੇ ਅਸ਼ੋਕ ਦੀ ਹੈ।

8- ਤੇ ਗੁਪਤ ਕਾਲ ਦੀ ਕਲਾ ਹੈ।

9- ਤੇ ਉਜੈਨ ਦੇ ਰਾਜਾ ਬ੍ਰਿਕਮਦੱਤ ਦੀ ਹੈ।

10- ਤੇ ਨਾਲੰਦਾ ਪ੍ਰਾਚੀਨ ਵਿਸਵ-ਵਿਦਿਆਲੇ ਦੀ ਮੋਹਰ ਹੈ।

11- ਤੇ ਓਡੀਸ਼ਾ ਦੀ ਪ੍ਰਾਚੀਨ ਮੂਰਤੀ ਕਲਾ।

12- ਤੇ ਨਟਰਾਜ ਦੀ ਹੈ, ਨਟਰਾਜ ਹਿੰਦੂ ਭਗਵਾਨ ਸ਼ਿਵ ਦੁਆਰਾ ਸ਼੍ਰਿਸ਼ਟੀ ਦੇ ਵਿਨਾਸ਼ ਸਮੇਂ ਕੀਤਾ ਬ੍ਰਹਮ ਨਾਚ ਜਿਸ ਨੂੰ ਤਾਂਡਵ ਕਿਹਾ ਜਾਂਦਾ ਹੈ। ਉਸ ਸਮੇਂ ਸ਼ਿਵ ਨਾਚ ਦੀ ਉਸ ਪ੍ਰਤਿਮਾ ਨੂੰ @ਨਟਰਾਜ@ ਦਾ ਨਾਮ ਦਿਤਾ ਗਿਆ ਹੈ।

13- ਤੇ ਮਹਾਂਵਲੀ ਦੇ ਮੰਦਰ ਤੇ ਸ਼ੇਸ਼ ਨਾਗ, ਗੰਗਾ ਮਈਆ ਅਤੇ ਗੰਗਾ ਮਈਆ ਨੂੰ ਹਜ਼ਾਰਾਂ ਸਾਲ ਭਗਤੀ ਕਰਕੇ (ਰਾਜਾ ਸਗਰ ਦੇ 60 ਹਜ਼ਾਰ ਭਸਮ ਹੋਏ ਪੁੱਤਰਾਂ ਦੀ ਮੁਕਤੀ ਲਈ) ਸਵਰਗ ਵਿਚੋਂ ਧਰਤੀ ਤੇ ਲਿਆਉਣ ਵਾਲੇ ਭਗੀਰਥਸਮੇਤ ਕਈ ਦੇਵੀ ਦੇਵਤਿਆਂ ਦੀ ਤਸਵੀਰ ਹੈ।

14- ਤੇ ਰਾਜੇ ਅਕਬਰ ਦੇ ਦਰਬਾਰ ਦੀ ਹੈ।

15- ਤੇ ਛੱਤਰਪਤੀ ਸ਼ਿਵਾ ਜੀ ਮਹਾਰਾਜ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਹੈ।

16- ਰਾਣੀ ਲਕਸ਼ਮੀ ਬਾਈ ਅਤੇ ਟੀਪੂ ਸੁਲਤਾਨ ਹੈ।

17- ਤੇ ਡਾਂਡੀ ਮਾਰਚ ਕਰਦੇ ਹੋਏ ਮਹਾਤਮਾ ਗਾਂਧੀ ਦੀ ਹੈ।

18- ਤੇ ਫਿਰ ਦੂਜੀ ਵਾਰ ਮਹਾਤਮਾ ਗਾਂਧੀ ਵੱਲੋਂ ਦੰਗਾ-ਪ੍ਰਭਾਵਿਤ ਇਲਾਕਿਆਂ ਵਿੱਚ ਉਨ੍ਹਾਂ ਦੀ ਸ਼ਾਂਤੀ ਯਾਤਰਾ ਨਾਲ ਸਬੰਧਤ ਦੱਸੀ ਜਾ ਰਹੀ ਹੈ।

19- ਤੇ ਸੁਭਾਸ਼ ਚੰਦਰ ਬੋਸ ਆਜ਼ਾਦ ਹਿੰਦ ਫੌਜ ਦੇ ਝੰਡੇ ਨੂੰ ਸਲਾਮੀ ਦੇ ਰਹੇ ਹਨ।

20- ਤੇ ਹਿਮਾਲਿਆ ਪਰਬਤ ਦੀ ਹੈ।

21- ਤੇ ਰੇਗਿਸਤਾਨ ਵਿੱਚ ਊਠਾਂ ਦੇ ਕਾਫ਼ਲੇ ਦੀ ਹੈ।

22- ਤੇ ਇਕ ਸਮੁੰਦਰੀ ਜਹਾਜ਼ ਦੀ ਤਸਵੀਰ ਹੈ।

ਜਦੋਂ ਸੰਵਿਧਾਨ ਵਿੱਚ ਚਿਤਰਾਂ ਰਾਹੀਂ ਰਮਾਇਣ, ਮਹਾਂਭਾਰਤ, ਨਟਰਾਜ, ਹਿਮਾਲਿਆ, ਰੇਗਿਸਤਾਨ ਦੇ ਊਠਾਂ ਤੱਕ ਨੂੰ ਥਾਂ ਮਿਲ ਗਈ, ਫਿਰ ਸਮਾਜਿਕ ਬਰਾਬਰੀ ਅਤੇ ਜਾਤ -ਵਿਰੋਧੀ ਸੰਘਰਸ਼ ਦੇ ਮੋਢੀ ਮਹਾਨ ਪੁਰਖਾਂ—ਜਿਵੇਂ ਸੰਤ ਨਾਮਦੇਵ ਜੀ, ਸੰਤ ਰਵਿਦਾਸ ਜੀ, ਕਬੀਰ ਜੀ ਤੋਂ ਇਲਾਵਾ ਜੋਤੀਬਾ ਫੂਲੇ ਅਤੇ ਸਾਵਿਤਰੀ ਬਾਈ ਫੂਲੇ, ਦੇਸ਼ ਦੀ ਅਜਾਦੀ ਲਈ ਫਾਂਸੀ ਦੇ ਰੱਸੇ ਚੁੰਮਣ ਵਾਲੇ ਕਰਤਾਰ ਸਿੰਘ ਸਰਾਭਾ , ਊਧਮ ਸਿੰਘ, ਭਗਤ ਸਿੰਘ ਵਰਗੇ ਅਨੇਕਾਂ ਸ਼ਹੀਦਾਂ ਅਤੇ ਗਦਰੀ ਬਾਬਿਆਂ ਨੂੰ ਇਸ ਚਿੱਤਰਮਾਲਾ ਵਿੱਚ ਕੋਈ ਸਥਾਨ ਕਿਉਂ ਮਿਲਿਆ ਜਾ ਕਿਉਂ ਨਹੀਂ ਦਿੱਤਾ ਗਿਆ ? ਇਸ ਲਈ ਕਿਹਾ ਜਾ ਸਕਦਾ ਹੈ ਇਸ ਸੰਵਿਧਾਨ ਅੰਦਰ ਦਲਿਤ ਸਮਾਜ ਦੇ ਮਹਾਂਪੁਰਖਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਇਲਾਵਾ ਦੇਸ਼ ਦੇ ਸ਼ਹੀਦਾਂ ਨਾਲ ਵਿਤਕਰਾ ਹੋਇਆ ਹੈ।




# ਲੋਕ ਸੇਵਾ ਦੇ ਦਫ਼ਤਰਾਂ ਵਿੱਚ ਲੋਕ ਹੀ ਕਿਉਂ ਪਰੇਸ਼ਾਨ ?

**ਕੁਲਬੀਰ ਸ਼ਰਮਾ**
8427212104

**ਸਰਕਾਰੀ ਕੁਰਸੀ ਜਾਂ ਨੌਕਰੀ ਮਿਲ ਜਾਣ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਕੋਈ ਕਰਮਚਾਰੀ ਆਪਣੀ ਮਨਮਰਜ਼ੀ ਕਰੇ ਜਾਂ ਆਮ ਲੋਕਾਂ ਨਾਲ ਰੁੱਖੇਪਣ ਨਾਲ ਪੇਸ਼ ਆਵੇ। ਅਸਲ ਵਿੱਚ ਸਰਕਾਰੀ ਨੌਕਰੀ ਮਿਲਣ ਤੋਂ ਬਾਅਦ ਤਾਂ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ, ਕਿਉਂਕਿ ਸਰਕਾਰੀ ਦਫ਼ਤਰ ਵਿੱਚ ਆਉਣ ਵਾਲਾ ਹਰ ਨਾਗਰਿਕ ਆਪਣੇ ਕਿਸੇ ਕੰਮ, ਹੱਕ ਜਾਂ ਲੋੜ ਲਈ ਉੱਥੇ ਪਹੁੰਚਦਾ ਹੈ। ਸਰਕਾਰੀ ਮੁਲਾਜ਼ਮਾਂ ਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਕਈ ਵਾਰ ਉਹ ਖੁਦ ਵੀ ਇਸੇ ਪ੍ਰਣਾਲੀ ਵਿੱਚੋਂ ਆਮ ਨਾਗਰਿਕ ਬਣ ਕੇ ਲੰਘੇ ਹੁੰਦੇ ਹਨ। ਜਿਸ ਮੁਸ਼ਕਲ, ਉਡੀਕ ਜਾਂ ਪਰੇਸ਼ਾਨੀ ਦਾ ਸਾਹਮਣਾ ਇੱਕ ਆਮ ਵਿਅਕਤੀ ਕਰਦਾ ਹੈ, ਉਹ ਉਸਨੂੰ ਸਮਝਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਸ ਲਈ ਆਪਣਾ ਕੰਮ ਬਿਨਾਂ ਲੜਾਈ-ਝਗੜੇ, ਬਿਨਾਂ ਲਾਰੇ-ਲੱਪੇ ਅਤੇ ਮਿੱਠੇ ਬੋਲਾਂ ਨਾਲ ਕਰਨਾ ਹੀ ਇੱਕ ਚੰਗੇ ਸਰਕਾਰੀ ਮੁਲਾਜ਼ਮ ਦੀ ਪਹਿਚਾਣ ਹੋਣੀ ਚਾਹੀਦੀ ਹੈ।**

ਲੋਕ ਸੇਵਾ ਦਫ਼ਤਰ—ਇਹ ਸ਼ਬਦ ਸੁਣਦਿਆਂ ਹੀ ਮਨ ਵਿੱਚ ਇੱਕ ਅਜਿਹੇ ਅਦਾਰੇ ਦੀ ਤਸਵੀਰ ਬਣਨੀ ਚਾਹੀਦੀ ਹੈ, ਜਿੱਥੇ ਆਮ ਨਾਗਰਿਕ ਨੂੰ ਉਸ ਦੇ ਹੱਕ, ਸੁਵਿਧਾਵਾਂ ਅਤੇ ਸਰਕਾਰੀ ਸੇਵਾਵਾਂ ਇੱਜ਼ਤ ਅਤੇ ਸਹੂਲਤ ਨਾਲ ਮਿਲਣ। ਪਰ ਅਸਲ ਹਕੀਕਤ ਕਈ ਵਾਰ ਇਸ ਦੇ ਬਿਲਕੁਲ ਉਲਟ ਨਜ਼ਰ ਆਉਂਦੀ ਹੈ। ਜਿਹੜੇ ਸਰਕਾਰੀ ਅਦਾਰੇ ਅਤੇ ਦਫ਼ਤਰ ਲੋਕਾਂ ਦੀ ਸੇਵਾ ਲਈ ਬਣੇ ਹਨ, ਉਨ੍ਹਾਂ ਵਿੱਚ ਹੀ ਆਮ ਲੋਕ ਸਭ ਤੋਂ ਵੱਧ ਖੱਜਲ-ਖੁਆਰ ਅਤੇ ਪਰੇਸ਼ਾਨ ਹੁੰਦੇ ਦਿਖਾਈ ਦਿੰਦੇ ਹਨ।

ਸਰਕਾਰੀ ਦਫ਼ਤਰ ਵਿੱਚ ਇੱਕ ਵਾਰ ਜਾਣ ਨਾਲ ਹੀ ਕੰਮ ਹੋ ਜਾਵੇ, ਇਹ ਗੱਲ ਹੁਣ ਸਿਰਫ਼ ਉਮੀਦ ਬਣ ਕੇ ਰਹਿ ਗਈ ਹੈ। ਕੋਈ ਛੋਟਾ ਜਿਹਾ ਦਸਤਾਵੇਜ਼ ਬਣਾਉਣਾ ਹੋਵੇ, ਕਿਸੇ ਸਰਕਾਰੀ ਸੇਵਾ ਲਈ ਅਰਜ਼ੀ ਦੇਣੀ ਹੋਵੇ ਜਾਂ ਕਿਸੇ ਪੁਰਾਣੇ ਕੰਮ ਦੀ ਜਾਣਕਾਰੀ ਲੈਣੀ ਹੋਵੇ, ਆਮ ਨਾਗਰਿਕ ਨੂੰ ਕਈ ਵਾਰ ਇਸ ਲਈ ਹਫ਼ਤਿਆਂ ਤੱਕ ਦਫ਼ਤਰਾਂ ਦੇ ਚੱਕਰ ਲਾਉਣੇ ਪੈਂਦੇ ਹਨ।

ਦੂਜੀ ਵੱਡੀ ਸਮੱਸਿਆ ਲੰਮੀਆਂ ਕਤਾਰਾਂ ਅਤੇ ਲੰਮੀ ਉਡੀਕ ਹੈ। ਲੋਕ ਸਵੇਰੇ ਆਪਣਾ ਸਾਰਾ ਕੰਮ ਛੱਡ ਕੇ ਸਮੇਂ ਤੋਂ ਪਹਿਲਾਂ ਦਫ਼ਤਰ ਪਹੁੰਚ ਜਾਂਦੇ ਹਨ ਕਿ ਚਲੋ, ਅੱਜ ਕੰਮ ਜਲਦੀ ਕਰਵਾ ਕੇ ਵਾਪਸ ਚਲੇ ਜਾਵਾਂਗੇ। ਪਰ ਉਡੀਕ ਕਰਦੀ ਉਸ ਕਤਾਰ ਵਿੱਚ ਬਜ਼ੁਰਗ ਖੜ੍ਹੇ ਹੁੰਦੇ ਹਨ, ਦਿਹਾੜੀ ਛੱਡ ਕੇ ਆਏ ਮਜ਼ਦੂਰ ਹੁੰਦੇ ਹਨ, ਬੱਚਿਆਂ ਨੂੰ ਗੋਦ ਵਿੱਚ ਚੁੱਕੀ ਖੜ੍ਹੀਆਂ ਮਾਵਾਂ ਹੁੰਦੀਆਂ ਹਨ ਅਤੇ ਆਪਣੇ ਛੋਟੇ-ਛੋਟੇ ਕੰਮਾਂ ਲਈ ਭਟਕਦੇ ਨੌਜਵਾਨ ਖੜ੍ਹੇ ਹੁੰਦੇ ਹਨ। ਨਾ ਉਨ੍ਹਾਂ ਥਾਵਾਂ 'ਤੇ ਬੈਠਣ ਦੀ ਢੁਕਵੀਂ ਸਹੂਲਤ ਹੁੰਦੀ ਹੈ, ਨਾ ਪੀਣ ਵਾਲੇ ਪਾਣੀ ਦਾ ਪ੍ਰਬੰਧ ਅਤੇ ਨਾ ਹੀ ਧੁੱਪ ਤੋਂ ਬਚਣ ਲਈ ਛਾਂ ਦੀ ਸਹੂਲਤ। ਲੋਕ ਭੁੱਖੇ-ਪਿਆਸੇ ਕਈ ਘੰਟਿਆਂ ਤੱਕ ਆਪਣੀ ਵਾਰੀ ਦੀ ਉਡੀਕ ਕਰਦੇ ਰਹਿੰਦੇ ਹਨ। ਇੰਨੀ ਉਡੀਕ ਤੋਂ ਬਾਅਦ ਵੀ ਜਦੋਂ ਵਾਰੀ ਆਉਂਦੀ ਹੈ ਤਾਂ ਕਦੇ ਇਹ ਬਹਾਨੇ ਸੁਣਨ ਨੂੰ ਮਿਲਦੇ ਹਨ—ਸਰਵਰ ਹੌਲੀ ਹੈ, ਸਰਵਰ ਬੰਦ ਹੈ, ਕੰਪਿਊਟਰ ਵਿੱਚ ਸਮੱਸਿਆ ਹੈ ਜਾਂ ਕੋਈ ਕਾਗਜ਼ ਜਾਂ ਦਸਤਾਵੇਜ਼ ਘੱਟ ਹੈ। ਫਿਰ ਉਨ੍ਹਾਂ ਨੂੰ ਕੱਲ੍ਹ ਆ ਜਾਇਓ ਕਹਿ ਕੇ ਵਾਪਸ ਭੇਜ ਦਿੱਤਾ ਜਾਂਦਾ ਹੈ।

ਪਰ ਇਸ ਤੋਂ ਵੀ ਵੱਧ ਦੁਖਦਾਈ ਗੱਲ ਸਰਕਾਰੀ ਮੁਲਾਜ਼ਮਾਂ ਦੀ ਬੋਲ-ਬਾਣੀ ਅਤੇ ਵਿਵਹਾਰ ਹੁੰਦੀ ਹੈ। ਲੋਕ ਸੇਵਾ ਕਰਨ ਵਾਲੀ ਥਾਂ 'ਤੇ ਲੋਕਾਂ ਨਾਲ ਸਤਿਕਾਰ ਨਾਲ ਗੱਲ ਕਰਨੀ ਮੁੱਢਲੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਪਰ ਕਈ ਵਾਰ ਨਾ ਉਮਰ ਦਾ ਲਿਹਾਜ਼ ਕੀਤਾ ਜਾਂਦਾ ਹੈ ਅਤੇ ਨਾ ਸਾਹਮਣੇ ਖੜ੍ਹੇ ਵਿਅਕਤੀ ਦੀ ਮਜਬੂਰੀ ਦਾ। ਬਜ਼ੁਰਗ ਹੋਵੇ ਜਾਂ ਨੌਜਵਾਨ, ਮਜ਼ਦੂਰ ਹੋਵੇ ਜਾਂ ਕੋਈ ਪੜ੍ਹਿਆ-ਲਿਖਿਆ ਵਿਅਕਤੀ—ਕਈ ਵਾਰ ਅਜਿਹੀ ਰੁੱਖੀ ਬੋਲੀ ਸੁਣਨ ਨੂੰ ਮਿਲਦੀ ਹੈ ਕਿ ਵਿਅਕਤੀ ਰੋਣਹੱਕਾ ਹੋ ਜਾਂਦਾ ਹੈ।

ਕਈ ਥਾਵਾਂ 'ਤੇ ਇਹ ਵੀ ਅੱਖੀਂ ਵੇਖਣ ਨੂੰ ਮਿਲਦਾ ਹੈ ਕਿ ਲੋਕ ਆਪਣੀ ਵਾਰੀ ਦੀ ਉਡੀਕ ਵਿੱਚ ਬੈਠੇ ਹੁੰਦੇ ਹਨ, ਜਦਕਿ ਕੁਝ ਕਰਮਚਾਰੀ ਮੋਬਾਈਲ ਫ਼ੋਨ ਵਿੱਚ ਰੁੱਝੇ ਹੁੰਦੇ ਹਨ ਜਾਂ ਆਪਣੇ ਸਾਥੀਆਂ ਨਾਲ ਗੱਲਬਾਤ ਵਿੱਚ ਵਿਅਸਤ ਰਹਿੰਦੇ ਹਨ। ਜਦੋਂ ਉਨ੍ਹਾਂ ਨੂੰ ਜਲਦੀ ਕੰਮ ਕਰਨ ਲਈ ਕਿਹਾ ਜਾਂਦਾ ਹੈ ਤਾਂ ਉਹ ਬੁਰੇ ਢੰਗ ਨਾਲ ਜਵਾਬ ਦਿੰਦੇ ਹਨ ਅਤੇ ਖਿਝ ਕੇ ਕਾਗਜ਼ਾਂ ਵਿੱਚ ਕੋਈ ਨਾ ਕੋਈ ਨੁਕਸ ਕੱਢ ਦਿੰਦੇ ਹਨ ਜਾਂ ਫਿਰ ਜਾਣਬੁੱਝ ਕੇ ਖੱਜਲ ਕਰਦੇ ਹਨ।

ਇਸ ਖੱਜਲ-ਖੁਆਰੀ ਤੋਂ ਡਰਦੇ ਲੋਕ ਦਫ਼ਤਰ ਜਾਣ ਤੋਂ ਪਹਿਲਾਂ ਹੀ ਬਾਹਰ ਬੈਠੇ ਕੈਫ਼ੇ ਵਾਲਿਆਂ ਕੋਲ ਜਾ ਕੇ ਆਪਣੀਆਂ ਫ਼ਾਈਲਾਂ ਤਿਆਰ ਕਰਵਾਉਂਦੇ ਹਨ। ਇਥੇ ਉਹਨਾਂ ਨੂੰ ਫੋਟੋਕਾਪੀਆਂ, ਕਾਗਜ਼ਾਂ ਅਤੇ ਫ਼ਾਈਲਾਂ ਤਿਆਰ ਕਰਵਾਉਣ ਦਾ ਵਾਧੂ ਖ਼ਰਚਾ ਪੈ ਜਾਂਦਾ ਹੈ। ਜਿਹੜਾ ਸਰਟੀਫ਼ਿਕੇਟ ਜਾਂ ਕਾਗਜ਼ ਮੁਫ਼ਤ ਜਾਂ ਨਾਮਾਤਰ ਫ਼ੀਸ 'ਤੇ ਬਣਨਾ ਹੁੰਦਾ ਹੈ, ਉਸ ਲਈ ਵੀ ਆਮ ਨਾਗਰਿਕ ਨੂੰ 500 ਤੋਂ 1000 ਰੁਪਏ ਤੱਕ ਖ਼ਰਚਣੇ ਪੈਂਦੇ ਹਨ ਅਤੇ ਉਸ ਤੋਂ ਬਾਅਦ ਵੀ ਕੰਮ ਬਣਨ ਦੀ ਕੋਈ ਪੱਕੀ ਗਾਰੰਟੀ ਨਹੀਂ ਹੁੰਦੀ।

ਇਸ ਤੋਂ ਇਲਾਵਾ, ਕਈ ਦਫ਼ਤਰਾਂ ਦੇ ਬਾਹਰ ਵਿਚੋਲਿਆਂ ਅਤੇ ਏਜੰਟਾਂ ਦਾ ਜਾਲ ਵੀ ਨਜ਼ਰ ਆਉਂਦਾ ਹੈ। ਜਿਹੜਾ ਵਿਅਕਤੀ ਏਜੰਟ ਦੀ ਜੇਬ ਭਰਦਾ ਹੈ, ਉਸ ਦਾ ਕੰਮ ਕਈ ਵਾਰ ਬਿਨਾਂ ਲਾਈਨ ਵਿੱਚ ਲੱਗੇ ਜਲਦੀ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਸਭ ਤੋਂ ਵੱਧ ਮਾਰ ਆਮ ਅਤੇ ਗਰੀਬ ਨਾਗਰਿਕ 'ਤੇ ਪੈਂਦੀ ਹੈ, ਜੋ ਮਸਾਂ ਕਿਰਾਇਆ ਲਾ ਕੇ ਜਾਂ ਦੂਰੋਂ ਆਪਣਾ ਕੰਮ ਛੱਡ ਕੇ ਆਉਂਦਾ ਹੈ, ਪਰ ਅੰਤ ਵਿੱਚ ਉਸ ਦੇ ਹੱਥ ਸਿਰਫ਼ ਨਿਰਾਸ਼ਾ ਅਤੇ ਧੱਕੇ ਹੀ ਲੱਗਦੇ ਹਨ।

ਇਸੇ ਕਰਕੇ ਹੁਣ ਕਈ ਲੋਕ ਸੇਵਾ ਕੇਂਦਰਾਂ ਜਾਂ ਹੋਰ ਸਰਕਾਰੀ ਦਫ਼ਤਰਾਂ ਵਿੱਚ ਜਾਣ ਤੋਂ ਵੀ ਹਿਚਕਚਾਉਣ ਲੱਗ ਪਏ ਹਨ। ਉਨ੍ਹਾਂ ਦੇ ਮਨ ਵਿੱਚ ਪਹਿਲਾਂ ਹੀ ਡਰ ਹੁੰਦਾ ਹੈ—ਪਤਾ ਨਹੀਂ ਅੱਜ ਕੰਮ ਹੋਵੇਗਾ ਜਾਂ ਨਹੀਂ, ਪਤਾ ਨਹੀਂ ਕਿੰਨਾ ਸਮਾਂ ਉਡੀਕ ਕਰਨੀ ਪਵੇਗੀ ਅਤੇ ਪਤਾ ਨਹੀਂ ਕਿਹੜਾ ਨਵਾਂ ਕਾਗਜ਼ ਮੰਗ ਲਿਆ ਜਾਵੇਗਾ।

ਪਰ ਸਾਰੀਆਂ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਕਈ ਸਰਕਾਰੀ ਕਰਮਚਾਰੀ ਅਜਿਹੇ ਵੀ ਹਨ ਜੋ ਬਹੁਤ ਮਿੱਠੇ ਸੁਭਾਅ ਨਾਲ ਲੋਕਾਂ ਦੀ ਗੱਲ ਸੁਣਦੇ ਹਨ, ਉਨ੍ਹਾਂ ਦੀ ਸਮੱਸਿਆ ਸਮਝਦੇ ਹਨ ਅਤੇ ਜਿੰਨੀ ਜਲਦੀ ਹੋ ਸਕੇ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਲੋਕਾਂ ਨਾਲ ਇੱਜ਼ਤ ਨਾਲ ਪੇਸ਼ ਆਉਂਦੇ ਹਨ ਅਤੇ ਬਿਨਾਂ ਕਿਸੇ ਲਾਲਚ ਦੇ ਉਨ੍ਹਾਂ ਦੀ ਮਦਦ ਕਰਦੇ ਹਨ। ਅਜਿਹੇ ਕਰਮਚਾਰੀ ਸੱਚਮੁੱਚ ਸਰਕਾਰੀ ਸੇਵਾ ਦੀ ਚੰਗੀ ਮਿਸਾਲ ਹਨ। ਪਰ ਅਜਿਹੇ ਵਿਵਹਾਰ ਦੀ ਲੋੜ ਹਰ ਸਰਕਾਰੀ ਦਫ਼ਤਰ ਵਿੱਚ ਹੈ, ਨਾ ਕਿ ਸਿਰਫ਼ ਕੁਝ ਥਾਵਾਂ 'ਤੇ।

ਸਰਕਾਰੀ ਕੁਰਸੀ ਜਾਂ ਨੌਕਰੀ ਮਿਲ ਜਾਣ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਕੋਈ ਕਰਮਚਾਰੀ ਆਪਣੀ ਮਨਮਰਜ਼ੀ ਕਰੇ ਜਾਂ ਆਮ ਲੋਕਾਂ ਨਾਲ ਰੁੱਖੇਪਣ ਨਾਲ ਪੇਸ਼ ਆਵੇ। ਅਸਲ ਵਿੱਚ ਸਰਕਾਰੀ ਨੌਕਰੀ ਮਿਲਣ ਤੋਂ ਬਾਅਦ ਤਾਂ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ, ਕਿਉਂਕਿ ਸਰਕਾਰੀ ਦਫ਼ਤਰ ਵਿੱਚ ਆਉਣ ਵਾਲਾ ਹਰ ਨਾਗਰਿਕ ਆਪਣੇ ਕਿਸੇ ਕੰਮ, ਹੱਕ ਜਾਂ ਲੋੜ ਲਈ ਉੱਥੇ ਪਹੁੰਚਦਾ ਹੈ। ਸਰਕਾਰੀ ਮੁਲਾਜ਼ਮਾਂ ਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਕਈ ਵਾਰ ਉਹ ਖੁਦ ਵੀ ਇਸੇ ਪ੍ਰਣਾਲੀ ਵਿੱਚੋਂ ਆਮ ਨਾਗਰਿਕ ਬਣ ਕੇ ਲੰਘੇ ਹੁੰਦੇ ਹਨ। ਜਿਸ ਮੁਸ਼ਕਲ, ਉਡੀਕ ਜਾਂ ਪਰੇਸ਼ਾਨੀ ਦਾ ਸਾਹਮਣਾ ਇੱਕ ਆਮ ਵਿਅਕਤੀ ਕਰਦਾ ਹੈ, ਉਹ ਉਸਨੂੰ ਸਮਝਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਸ ਲਈ ਆਪਣਾ ਕੰਮ ਬਿਨਾਂ ਲੜਾਈ-ਝਗੜੇ, ਬਿਨਾਂ ਲਾਰੇ-ਲੱਪੇ ਅਤੇ ਮਿੱਠੇ ਬੋਲਾਂ ਨਾਲ ਕਰਨਾ ਹੀ ਇੱਕ ਚੰਗੇ ਸਰਕਾਰੀ ਮੁਲਾਜ਼ਮ ਦੀ ਪਹਿਚਾਣ ਹੋਣੀ ਚਾਹੀਦੀ ਹੈ।

ਇਸ ਦੇ ਨਾਲ-ਨਾਲ ਦਫ਼ਤਰ ਵਿੱਚ ਮੌਜੂਦ ਸੀਨੀਅਰ ਅਧਿਕਾਰੀਆਂ ਦੀ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਨੂੰ ਆਪਣੇ ਸਹਿਕਰਮੀਆਂ ਦੇ ਵਿਵਹਾਰ ਅਤੇ ਕੰਮ ਕਰਨ ਦੇ ਢੰਗ ਵੱਲ ਧਿਆਨ ਦੇਣਾ ਚਾਹੀਦਾ ਹੈ। ਜੇ ਕੋਈ ਨਾਗਰਿਕ ਬਿਨਾਂ ਵਜ੍ਹਾ ਪਰੇਸ਼ਾਨ ਹੋ ਰਿਹਾ ਹੈ, ਉਸਨੂੰ ਵਾਰ-ਵਾਰ ਦਫ਼ਤਰ ਦੇ ਚੱਕਰ ਲਗਵਾਏ ਜਾ ਰਹੇ ਹਨ ਜਾਂ ਉਸ ਨਾਲ ਬਦਸਲੂਕੀ ਕੀਤੀ ਜਾ ਰਹੀ ਹੈ ਤਾਂ ਸੀਨੀਅਰ ਅਧਿਕਾਰੀਆਂ ਨੂੰ ਸਿਰਫ਼ ਦੇਖਦੇ ਰਹਿਣ ਦੀ ਬਜਾਏ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ।

ਸਰਕਾਰ ਨੂੰ ਵੀ ਇਸ ਪਾਸੇ ਗੰਭੀਰ ਧਿਆਨ ਦੇਣ ਦੀ ਲੋੜ ਹੈ। ਹਰ ਸਰਕਾਰੀ ਦਫ਼ਤਰ ਅਤੇ ਲੋਕ ਸੇਵਾ ਕੇਂਦਰ ਵਿੱਚ ਲੋਕਾਂ ਲਈ ਪੀਣ ਵਾਲੇ ਪਾਣੀ, ਬੈਠਣ ਅਤੇ ਛਾਂ ਵਰਗੀਆਂ ਮੁੱਢਲੀਆਂ ਸਹੂਲਤਾਂ ਦਾ ਢੁਕਵਾਂ ਪ੍ਰਬੰਧ ਹੋਣਾ ਚਾਹੀਦਾ ਹੈ। ਲੋਕਾਂ ਨੂੰ ਘੰਟਿਆਂਬੱਧੀ ਕਤਾਰਾਂ ਵਿੱਚ ਖੜ੍ਹੇ ਰਹਿਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਲੋੜ ਅਨੁਸਾਰ ਸਮੇਂ ਸਿਰ ਭਰਤੀ ਕੀਤੀ ਜਾਵੇ, ਤਾਂ ਜੋ ਦਫ਼ਤਰਾਂ ਵਿੱਚ ਕਰਮਚਾਰੀਆਂ ਦੀ ਘਾਟ ਦੂਰ ਹੋਵੇ, ਕੰਮ ਦੀ ਰਫ਼ਤਾਰ ਵਧੇ ਅਤੇ ਲੋਕਾਂ ਨੂੰ ਲੰਮੀਆਂ ਕਤਾਰਾਂ ਤੇ ਬੇਲੋੜੀ ਉਡੀਕ ਤੋਂ ਰਾਹਤ ਮਿਲ ਸਕੇ।

ਇਸ ਦੇ ਨਾਲ ਸਰਕਾਰੀ ਅਦਾਰਿਆਂ ਵਿੱਚ ਆਧੁਨਿਕ ਤਕਨੀਕੀ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਸਰਵਰ ਹੌਲੀ ਹੋਣ, ਵਾਰ-ਵਾਰ ਬੰਦ ਹੋਣ ਜਾਂ ਕਿਸੇ ਤਕਨੀਕੀ ਸਮੱਸਿਆ ਕਾਰਨ ਲੋਕਾਂ ਨੂੰ ਵਾਰ-ਵਾਰ ਦਫ਼ਤਰਾਂ ਦੇ ਗੇੜੇ ਨਾ ਲਗਾਉਣੇ ਪੈਣ। ਜੇ ਸੇਵਾਵਾਂ ਨੂੰ ਆਨਲਾਈਨ ਕੀਤਾ ਗਿਆ ਹੈ ਤਾਂ ਉਨ੍ਹਾਂ ਲਈ ਭਰੋਸੇਯੋਗ ਅਤੇ ਨਿਰਵਿਘਨ ਤਕਨੀਕੀ ਪ੍ਰਬੰਧ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਆਧੁਨਿਕ ਸਹੂਲਤਾਂ ਦਾ ਮਕਸਦ ਲੋਕਾਂ ਦਾ ਕੰਮ ਆਸਾਨ ਕਰਨਾ ਹੈ, ਨਾ ਕਿ ਨਵੀਂ ਕਿਸਮ ਦੀ ਪਰੇਸ਼ਾਨੀ ਪੈਦਾ ਕਰਨਾ। ਇਸ ਤੋਂ ਇਲਾਵਾ ਜਿੱਥੇ ਕੋਈ ਵਿਅਕਤੀ ਰਿਸ਼ਵਤ ਲੈਂਦਾ ਹੈ, ਉਸ 'ਤੇ ਵੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਤਾਂ ਜੋ ਆਮ ਨਾਗਰਿਕ ਨੂੰ ਇਹ ਮਹਿਸੂਸ ਨਾ ਹੋਵੇ ਕਿ ਬਿਨਾਂ ਪੈਸੇ ਜਾਂ ਸਿਫ਼ਾਰਸ਼ ਦੇ ਉਸ ਦਾ ਕੰਮ ਹੋਣਾ ਮੁਸ਼ਕਲ ਹੈ। ਸਰਕਾਰੀ ਸੇਵਾ ਦਾ ਅਸਲ ਫ਼ਰਜ਼ ਇਹ ਹੋਣਾ ਚਾਹੀਦਾ ਹੈ ਕਿ ਹਰ ਨਾਗਰਿਕ ਨੂੰ ਉਸ ਦਾ ਕੰਮ ਇਮਾਨਦਾਰੀ, ਸਤਿਕਾਰ ਅਤੇ ਸਮੇਂ ਸਿਰ ਮਿਲੇ।

# ਫਿਰ ਉਹ ਕੌਣ ਹੈ

ਮੁਲਖਾ ਹਾਲੇ ਮਸਾਂ ਸੱਤ ਅੱਠ ਮਹੀਨਿਆਂ ਦਾ ਹੀ ਹੋਇਆ ਸੀ ਕਿ ਰੌਲਾ ਪੈ ਗਿਆ ।ਵਾਜੇ ਵਿੱਚ ਖਬਰਾਂ ਆਉਣ ਲੱਗ ਪਈਆਂ ਕਿ ਹਿੰਦੂਸਤਾਨ ਦੇ ਅੰਗਰੇਜ਼ਾਂ ਨੇ ਦੋ ਟੋਟੇ ਕਰ ਦਿੱਤੇ ਹਨ ।ਇੱਕ ਹਿੰਦੂਸਤਾਨ ਤੇ ਦੂਸਰਾ ਪਾਕਿਸਤਾਨ ।ਜੋ ਵੀ ਹਿੰਦੂ ਸਿੱਖ ਤੇ ਹੋਰ ਬਰਾਦਰੀਆਂ ਆਪਣੇ ਆਪ ਨੂੰ ਹਿੰਦੂ ਸਮਝਦੀਆਂ ਹਨ ।ਉਹ ਹਿੰਦੂਸਤਾਨ ਵਿੱਚ ਚਲੀਆਂ ਜਾਣ ।ਬਾਕੀ ਜਿਹੜੇ ਮੁਸਲਮਾਨ ਤਬਕੇ ਨਾਲ ਜਾਤੀਆਂ ਸਬੰਧ ਰੱਖਦੀਆਂ ਨੇ ਉਹ ਪਾਕਿਸਤਾਨ ਵਿੱਚ ਰਹਿਣਗੀਆਂ । ਰਾਤੋ ਰਾਤ ਲੋਕਾਂ ਨੂੰ ਘਰ ਖਾਲੀ ਕਰਨੇ ਪੈ ਗਏ ।ਜਿੰਨਾ ਕੁ ਲੀੜਾ ਟਾਕੀ ਹੱਥ ਆਇਆ ਉਹ ਸਿਰ ਤੇ ਚੁੱਕ ਕਿ ਘਰੋ ਤੁਰ ਪਏ ।ਬੱਸ ਥੋੜ੍ਹੇ ਹੀ ਸਮੇ ਵਿੱਚ ਪਿੰਡਾਂ ਦੇ ਪਿੰਡ ਖਾਲੀ ਹੋ ਗਏ ।ਕੀੜੀਆਂ ਦੇ ਭੌਣ ਵਾਂਗੂ ਇੱਕ ਦੂਸਰੇ ਦੇ ਮਗਰ ਤੁਰਦੇ ਗਏ ।ਭੁੱਖੇ ਭਾਣੇ ਕਿਸੇ ਦੋ ਬੁਰਕੀਆਂ ਰੋਟੀ ਖ਼ਾਧੀ ਸੀ ਤੇ ਕਿਸੇ ਨੇ ਨਹੀਂ ਵੀ ।ਸਭ ਤੋਂ ਔਖਾ ਉਹਨਾਂ ਮਾਵਾਂ ਵਾਸਤੇ ਸੀ ਜਿਹਨਾਂ ਦੇ ਨਿੱਕੇ ਨਿੱਕੇ ਬੱਚੇ ਦੁੱਧ ਚੁੰਗਦੇ ਸੀ ।ਜਦੋ ਮਾਵਾਂ ਹੀ ਢਿੱਡੋ ਭੁੱਖੀਆਂ ਸਨ ਫਿਰ ਬੱਚਿਆਂ ਨੂੰ ਦੁੱਧ ਕਿਥੋਂ ਦਿੰਦੀਆਂ ।ਖੈਰ ਕਹਿੰਦੇ ਹਨ ਕਿ ਮਾਰਨ ਵਾਲੇ ਨਾਲੋਂ ਬਚਾਉਣ ਵਾਲਾ ਡਾਢਾ ਹੁੰਦਾ ਹੈ ।ਦੋਹਾਂ ਪਾਸਿਆਂ ਤੋਂ ਕਾਫਲੇ ਆ ਜਾ ਰਹੇ ਸੀ ।ਕਿਸੇ ਨੇ ਝੂਠੀ ਅਫਵਾਹ ਉਡਾ ਦਿਤੀ ਕਿ ਹਿੰਦੂਆਂ ਨੇ ਮੁਸਲਮਾਨਾਂ ਨੂੰ ਵੱਢ ਦਿੱਤਾ ਹੈ ।ਬਸ ਫੇਰ ਕੀ ਵੱਢ ਟੁੱਕ ਸ਼ੁਰੂ ਹੋ ਗਈ ।ਲੱਖਾਂ ਲੋਕ ਇਸ ਅਫਵਾਹ ਦੇ ਸ਼ਿਕਾਰ ਹੋ ਗਏ ।ਉਹਨਾਂ ਵਿੱਚ ਮੁਲਖੇ ਦਾ ਪਿਉ ਵੀ ਮਾਰਿਆ ਗਿਆ ।ਮੁਲਖੇ ਦੀ ਮਾਂ ਸੀਮਾ ਰਾਣੀ ਆਪਣੇ ਸ਼ਰੀਕੇ ਨਾਲ ਸਾਡੇ ਪਿੰਡ ਆ ਵੱਸੀ ।ਮੁਲਖੇ ਦੇ ਦੋ ਤਾਏ ਸੀ ਉਹ ਵੀ ਆਪਣੇ ਪਰਿਵਾਰ ਵਾਲੇ ਸਨ ।ਜਦੋ ਇਧਰ ਠੰਡ ਠੰਡਾਰਾ ਹੋਇਆ ਤੇ ਮੁਲਖੇ ਦੇ ਦਾਦੀ ਦਾਦੇ ਨੇ ਸੀਮਾ ਨੂੰ ਸਮਝਾਇਆ ਕਿ ਤੂੰ ਆਪਣੇ ਇੱਕ ਜੇਠ ਉਤੇ ਚਾਦਰ ਪਾ ਲਾ ।ਪਰ ਸੀਮਾ ਰਾਣੀ ਨੇ ਬਿਲਕੁਲ ਨਾਂਹ ਕਰ ਦਿੱਤੀ ਕਿਹਾ ਕਿ ਮੈ ਆਪਣੇ ਪੁੱਤਰ ਦੇ ਸਿਰ ਉਤੇ ਦਿਨ ਕੱਟ ਲਵਾਂਗੀ ।ਖੈਰ ਸਮਾਂ ਲੰਘਦਾ ਗਿਆ ਮੁਲਖਾ ਵੀ ਕਮਾਉਣ ਜੋਗਾ ਹੋ ਗਿਆ ।ਸੀਮਾ ਹੁਣ ਬੇਪਰਵਾਹ ਸਮਝਣ ਲੱਗ ਪਈ ਆਪਣੇ ਆਪ ਨੂੰ ।ਮੁਲਖਾ ਆਪਣੀ ਮਾਂ ਨੂੰ ਬਹੁਤ ਪਿਆਰ ਕਰਦਾ ਸੀ ।ਮਾਂ ਦੇ ਪੁੱਛੇ ਤੋਂ ਬਿਨਾਂ ਘੁੱਟ ਚਾਹ ਦੀ ਨਹੀਂ ਸੀ ਪੀਂਦਾ ।ਮਾਂ ਪੁੱਤਰਾਂ ਦੀ ਚਰਚਾ ਸਾਰੇ ਪਿੰਡ ਵਿੱਚ ਹੁੰਦੀ ਸੀ ।ਹੁਣ ਮਾਂ ਨੇ ਸੋਚਿਆ ਕਿ ਹੁਣ ਮੁਲਖ ਰਾਜ ਜਵਾਨ ਹੋ ਗਿਆ ਹੈ ਇਸ ਦਾ ਵਿਆਹ ਹੀ ਕਰ ਦਿੱਤਾ ਜਾਵੇ ।ਮੁਲਖੇ ਦੇ ਵਿਆਹ ਤੋਂ ਪਹਿਲਾਂ ਹੀ ਦਾਦੀ ਦਾਦਾ ਇਸ ਜਹਾਨ ਤੋਂ ਰੁਖਸਤ ਹੋ ਚੁਕੇ ਸੀ ।ਮੁਲਖੇ ਦਾ ਵਿਆਹ ਹੋ ਗਿਆ ਘਰ ਵਿੱਚ ਦੋਵੇਂ ਨੂੰਹ ਸੱਸ ਤੇ ਤੀਜਾ ਮੁਲਖਾ ।ਮੁਲਖੇ ਨੇ ਅਜੇ ਘਰੋਂ ਬਾਹਰ ਪੈਰ ਧਰਨਾ ਤੇ ਨੂੰਹ ਸੱਸ ਦੀ ਨੋਕ ਝੋਕ ਸ਼ੁਰੂ ਹੋ ਜਾਣੀ ।ਸਾਰਾ ਸਾਰਾ ਦਿਨ ਕਲੇਸ਼ ਪਿਆ ਰਹਿਣਾ ।ਜਦੋਂ ਮੁਲਖੇ ਨੇ ਬਾਹਰੋਂ ਖਪੇ ਖਪਾਏ ਨੇ ਆਉਣਾ ਤੇ ਪੁੱਛਣਾ ਅੱਜ ਕੀ ਕਰਦੀਆਂ ਰਹੀਆਂ ਜੇ ।ਭਾਂਡਾ ਟੀਂਡਾ ਸਵੇਰ ਦਾ ਉਵੇਂ ਹੀ ਪਿਆ ਹੈ ।ਕੀ ਗੱਲ ਹੈ ਮੈਨੂੰ ਵੀ ਕੁੱਝ ਦਸੋਗੀਆਂ ਕਿ ਨਹੀਂ ।ਮਾਂ ਤਾਂ ਇੱਕ ਵੇਲੇ ਚੁੱਪ ਕਰ ਜਾਂਦੀ ਪਰ ਘਰ ਵਾਲੀ ਕੋਠਾ ਸਿਰ ਤੇ ਚੁੱਕ ਲੈਂਦੀ ।ਗੱਲਾਂ ਵਿੱਚ ਮੁਲਖੇ ਨੂੰ ਵੀ ਵਾਰੇ ਨਹੀ ਸੀ ਆਉਣ ਦਿੰਦੀ ।ਇੰਨੀ ਕੁਪੱਤੀ ਜ਼ਨਾਨੀ ਨਿਕਲੀ ਕਿ ਸੱਸ ਨੂੰ ਤਾਂ ਮਾੜਾ ਬੋਲਦੀ ਹੀ ਬੋਲਦੀ ਪਰ ਆਂਢ ਗੁਆਂਢ ਨਾਲ ਵੀ ਮੱਥਾ ਲਾ ਕੇ ਰੱਖਦੀ ਸੀ ।ਫਲਾਣੀ ਨੇ ਮੇਰੇ ਘਰ ਅਗੇ ਗੰਦ ਸੁੱਟਿਆ ਹੈ ।ਫਲਾਣੀ ਸਾਡੀ ਨਾਲੀ ਦਾ ਪਾਣੀ ਅਗੇ ਨਹੀਂ ਨਿਕਲਣ ਦਿਤੀ ।ਫਲਾਣੀ ਇੰਝ ਬੋਲਦੀ ,ਉਹ ਉਂਝ ਬੋਲਦੀ ਹੈ ।ਪਤਾ ਨਹੀਂ ਕਿਹੜੀਆਂ ਕਿਹੜੀਆਂ ਊਟ ਪਟਾਂਗ ਗੱਲਾਂ ਬੋਲਣ ਲੱਗ ਜਾਂਦੀ ।ਮੁਲਖਾ ਆਪਣੀ ਥਾਂ ਤੇ ਤੰਗ ਸੀ ਤੇ ਉਸ ਦੀ ਮਾਂ ਆਪਣੀ ਥਾਂ ਤੇ ।ਹੁਣ ਦੋਵੇ ਮਾਂ ਪੁੱਤਰ ਇੱਕ ਦੂਸਰੇ ਨਾਲ ਗੱਲ ਵੀ ਨਹੀਂ ਸਨ ਕਰ ਸਕਦੇ ।ਜਦੋ ਵੀ ਮਾਂ ਪੁੱਤਰ ਨੂੰ ਇਕੱਠਿਆਂ ਵੇਖ ਲੈਣਾ ਤੇ ਘਰ ਵਿੱਚ ਮਹਾਂਭਾਰਤ ਸ਼ੁਰੂ ਹੋ ਜਾਂਦਾ ।ਨੂੰਹ ਨੇ ਸੱਸ ਦਾ ਜੀਣਾ ਦੁਬਰ ਕਰ ਦਿੱਤਾ ।ਸੀਮਾਂ ਬਹੁਤ ਸਿਆਣੀ ਸੀ ਉਸ ਨੇ ਇੱਕ ਦਿਨ ਆਪਣੇ ਪੁੱਤਰ ਨੂੰ ਪਾਸੇ ਹੋ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ 7589155501

ਕੇ ਸਮਝਾਇਆ ਕਿ ਵੇਖ ਪੁੱਤਰ ਮੇਰੀ ਤਾਂ ਉਮਰ ਲੰਘ ਚਲੀ ਹੈ ਤੇਰੀ ਉਮਰ ਨਾ ਖਰਾਬ ਹੋਵੇ ।ਮੈ ਕਿੱਧਰੇ ਗੁਰੁਦਵਾਰੇ ਜਾਂ ਮੰਦਰ ਵਿੱਚ ਸੇਵਾ ਕਰਕੇ ਦਿਨ ਕੱਟ ਲਵਾਂਗੀ ।ਮੈਨੂੰ ਇਸ ਚੰਦਰੀ ਨੇ ਘਰ ਵਿੱਚ ਟਿਕਣ ਨਹੀਂ ਦੇਣਾ ।ਮੈ ਤੇਰੇ ਸਹਾਰੇ ਰੰਡੇਪਾ ਕੱਟ ਲਿਆ ਸੀ ਪਰ ਹੁਣ ਮੇਥੋ ਬੁੱਢੇ ਵਾਰੇ ਬਿਨਾਂ ਮਤਲੱਬ ਤੋਂ ਬੇਇੱਜਤੀ ਨਹੀਂ ਕਰਵਾਈ ਜਾਂਦੀ ।ਹੁਣ ਮੁਲਖਾ ਸੋਚਣ ਵਾਸਤੇ ਮਜ਼ਬੂਰ ਹੋ ਗਿਆ ਕਿ ਮਾਂ ਨੂੰ ਛਡਾਂ ਜਾਂ ਫਿਰ ਘਰਵਾਲੀ ਨੂੰ ।ਸੱਪ ਦੇ ਮੂੰਹ ਵਿੱਚ ਕੋਹੜ੍ਹ ਕਿਰਲੀ ਵਾਲੀ ਗੱਲ ਬਣ ਗਈ ।ਮਾਂ ਨੇ ਬਹੁਤ ਕਸ਼ਟ ਝੱਲ ਕੇ ਮੈਨੂੰ ਜਵਾਨ ਕੀਤਾ ਹੈ ।ਹੁਣ ਮੇਰੀ ਵਾਰੀ ਸੀ ਕਿ ਮੈ ਆਪਣੀ ਮਾਂ ਦਾ ਕਰਜ਼ ਉਤਾਰਦਾ ।ਪਰ ਕੀ ਕਰਾਂ ਕੋਈ ਸਮਝ ਨਹੀਂ ਪੈਂਦੀ ।ਦੂਜੇ ਪਾਸੇ ਘਰ ਵਾਲੀ ਕਲੇਸ਼ ਨਹੀਂ ਛੱਡਦੀ ।ਅਗਲਾ ਦਿਨ ਹੋਇਆ ਮਾਂ ਨੇ ਸਿਰ ਤੇ ਚੁੰਨੀ ਲਈ ਤੇ ਦੂਰ ਦੁਰਾਡੇ ਇੱਕ ਬਿਰਧ ਆਸ਼ਰਮ ਵਿੱਚ ਚਲੀ ਗਈ ।ਮੁਲਖਾ ਹੁਣ ਪਹਿਲਾਂ ਵਾਂਗ ਰੋਜ਼ ਆਪਣੇ ਕਾਰੋਬਾਰ ਤੇ ਜਾਂਦਾ ।ਜਦੋਂ ਵਾਪਿਸ ਆਉਂਦਾ। ਕੀ ਵੇਖਦਾ ਕਿ ਹੁਣ ਉਸ ਦੀ ਘਰ ਵਾਲੀ ਬਹੁਤ ਖੁਸ਼ ਜਾਪਦੀ ।ਕੋਈ ਕਲੇਸ਼ ਨਹੀਂ ਸਰੀਕਾਂ ਨਾਲ ਵੀ ਵਰਤਣ ਲਗ ਪਈ ।ਹੁਣ ਉਸ ਨੂੰ ਕੋਈ ਘਰ ਵਿੱਚ ਰੋਕਣ ਟੋਕਨ ਵਾਲਾ ਨਹੀਂ ਸੀ ।ਸਮਾਂ ਲੰਘਦਾ ਗਿਆ ਦੋ ਬੱਚੇ ਵੀ ਘਰ ਵਿੱਚ ਹੋ ਗਏ । ਕਦੇ ਸੱਸ ਦੀ ਯਾਦ ਹੀ ਨਹੀਂ ਆਈ ।ਨਾ ਹੀ ਕਦੇ ਮੁਲਖੇ ਨੇ ਆਪਣੇ ਬੱਚਿਆਂ ਨੂੰ ਦੱਸਿਆ ਸੀ ਤੁਹਾਡੀ ਦਾਦੀ ਵੀ ਹੈਗੀ ਏ ।ਬੇਸ਼ਕ ਮੁਲਖਾ ਅੰਦਰੋਂ ਅੰਦਰੀ ਬਹੁਤ ਦੁੱਖੀ ਸੀ ।ਪਰ ਕਰ ਕੁਝ ਨਹੀਂ ਸੀ ਸਕਦਾ ਕਿਉਂਕਿ ਘਰ ਵਾਲੀ ਉਸ ਤੇ ਭਾਰੂ ਹੋ ਚੁੱਕੀ ਸੀ ।ਇੱਕ ਦਿਨ ਕਿਸੇ ਗਵਾਂਢੀ ਘਰ ਮਾਤਾ ਰਾਣੀ ਦਾ ਜਗਰਾਤਾ ਸੀ ।ਉਹਨਾਂ ਨੇ ਸਾਰੇ ਗਲੀ ਗੁਆਂਢ ਵਾਲਿਆਂ ਨੂੰ ਬੁਲਾਵਾ ਦਿੱਤਾ ਕਿ ਅੱਜ ਰਾਤ ਨੂੰ ਸਾਡੇ ਘਰ ਹੀ ਲੰਗਰ ਦਾ ਪ੍ਰਬੰਧ ਕੀਤਾ ਹੈ ।ਮੁਲਖਾ ਬਾਹਰੋਂ ਕੰਮ ਤੋਂ ਆਇਆ ।ਆਉਂਦਿਆ ਹੀ ਪਤੀ ਨੂੰ ਚਾਹ ਪਾਣੀ ਪੁੱਛਿਆ ਤੇ ਕਹਿਣ ਲੱਗੀ ।ਮੈ ਕਿਹਾ ਜੀ ਤੁਹਾਨੂੰ ਪਤਾ ਹੈ ਕਿ ਅੱਜ ਆਪਣੇ ਗੁਆਂਢੀਆਂ ਦੇ ਘਰ ਰਾਤ ਨੂੰ ਮਾਤਾ ਰਾਣੀ ਦਾ ਜਗਰਾਤਾ ਹੈ ।ਆਪਾਂ ਨੂੰ ਵੀ ਸੱਦਾ ਆਇਆ ਹੈ ।ਇਸ ਕਰਕੇ ਤੁਸੀਂ ਜਲਦੀ ਨਹਾ ਲਉ ਤੇ ਮੈ ਵੀ ਜਵਾਕਾਂ ਨੂੰ ਤਿਆਰ ਕਰ ਲਵਾਂ ।ਹੁਣ ਮੁਲਖਾ ਕਦੇ ਮਾਤਾ ਰਾਣੀ ਦੇ ਜਗਰਾਤੇ ਵਲ ਧਿਆਨ ਲੈ ਕੇ ਜਾਂਦਾ ਤੇ ਕਦੇ ਆਪਣੀ ਮਾਂ ਜਿਹੜੀ ਬਿਰਧ ਆਸ਼ਰਮ ਵਿੱਚ ਸੜ ਰਹੀ ਸੀ ਉਸ ਵੱਲ ।ਪਰ ਮੂਹੋਂ ਕੁਝ ਵੀ ਨਹੀਂ ਸੀ ਬੋਲ ਰਿਹਾ ।ਅਖੀਰ ਤਿਆਰ ਵਿਆਰ ਹੋ ਕੇ ਜਗਰਾਤੇ ਵਿੱਚ ਪਹੁੰਚ ਗਿਆ ।ਸਾਰੀ ਰਾਤ ਮਾਤਾ ਰਾਣੀ ਦੀਆਂ ਭੇਟਾਂ ਦਾ ਗੁਣਗਾਨ ਹੋਇਆ ।ਇੱਕ ਭੱਦਰ ਪੁਰਸ਼ ਨੇ ਕਥਾ ਤੇ ਪ੍ਰਵਚਨ ਵੀ ਸੁਣਾਏ ।ਮਾਂ ਦੇ ਬਾਰੇ ਬਹੁਤ ਬਚਨ ਕੀਤੇ ।ਮਾਂ ਸਾਡੀ ਜਣਨੀ ਹੈ ਮਾਂ ਹੀ ਸਾਨੂੰ ਇਸ ਦੁਨੀਆਂ ਵਿੱਚ ਲੈਕੇ ਆਈ ਹੈ ।ਮਾਂ ਦਾ ਦੇਣ ਅਸੀਂ ਕਦੇ ਨਹੀਂ ਦੇ ਸਕਦੇ ।ਮਾਂ ਹੀ ਸਾਡਾ ਰੱਬ ਹੈ ।ਮਾਂ ਦੀ ਪੂਜਾ ਹੀ ਰੱਬ ਦੀ ਪੂਜਾ ਹੈ ।ਜਿੰਨਾ ਵੀ ਹੋ ਸੱਕੇ ਮੈਂ ਦਾ ਸਤਿਕਾਰ ਕਰੋ ।ਸਾਡਾ ਉਨਾਂ ਚਿਰ ਤੀਰਥਾਂ ਤੇ ਜਾਣ ਦਾ ਕੋਈ ਫ਼ਾਇਦਾ ਨਹੀਂ ਜਿੰਨਾਂ ਚਿਰ ਅਸੀਂ ਮਾਂ ਦੀ ਸੇਵਾ ਨਹੀਂ ਕਰਦੇ ।ਆਉ ਆਪਾਂ ਸਾਰੇ ਪ੍ਰਣ ਕਰੀਏ ਕਿ ਮਾਂ ਨੂੰ ਕਦੇ ਮਾੜਾ ਨਹੀਂ ਬੋਲਾਂਗੇ ਮਾਂ ਨੂੰ ਕੋਈ ਦੁੱਖ ਨਹੀਂ ਦਿਆਂਗੇ ।ਮਾਂ ਦੇ ਪੈਰਾਂ ਥੱਲੇ ਆਪਣੀਆਂ ਅੱਖਾਂ ਦੀਆਂ ਪਲਕਾਂ ਵਿਛਾ ਕੇ ਰਖਾਂਗੇ ।ਪ ਤਾ ਨਹੀਂ ਹੋਰ ਕੀ ਕੀ ਮਾਂ ਦੇ ਇੱਜਤ ਮਾਣ ਵਾਸਤੇ ਉਸ ਕਥਾ ਵਾਚਕ ਨੇ ਸਬਦ ਬੋਲੇ ।ਮੁਲਖਾ ਚੋਰੀ ਜਿਹੀ ਨਿਗ੍ਹਾ ਨਾਲ ਕਦੇ ਆਪਣੀ ਘਰ ਵਾਲੀ ਵੇਖਦਾ ਤੇ ਕਦੇ ਕਥਾਵਾਚਕ ਵੱਲ ।ਜਗਰਾਤੇ ਦੀ ਸਮਾਪਤੀ ਹੋਈ ਸਾਰੇ ਆਪਣੇ ਆਪਣੇ ਘਰਾਂ ਨੂੰ ਤੁਰ ਪਏ ।ਇੱਕ ਜਵਾਕ ਮੁਲਖੇ ਨੇ ਤੇ ਇੱਕ ਜਵਾਕ ਉਸ ਦੀ ਘਰ ਵਾਲੀ ਨੇ ਚੁੱਕ ਲਿਆ ।ਹੁਣ ਮੁਲਖੇ ਦੀ ਘਰ ਵਾਲੀ ਆਪਣੇ ਪੁੱਤਰ ਨੂੰ ਗਲੇ ਨਾਲ ਲਗਾ ਕੇ ਤੁਰੀ ਜਾਂਦੀ ਕਹਿਣ ਲਗੀ ।ਪ੍ਰੇਮ ਤੁਸੀ ਵੀ ਮੇਰੀ ਇੱਜਤ ਕਰਿਆ ਕਰੋਂਗੇ ।ਕਿੰਨੇ ਸੋਹਣੇ ਸੋਹਣੇ ਪ੍ਰਵਚਨ ਕੀਤੇ ਨੇ ਮਹਾਂ ਪੁਰਸ਼ ਨੇ ।ਮੈ ਤਾਂ ਆਪਣੀਆਂ ਭਾਬੀਆਂ ਨੂੰ ਦੱਸਾਂਗੀ ਕਿ ਤੁਸੀਂ ਮੇਰੀ ਮਾਂ ਦੀ ਰੱਜ ਕੇ ਸੇਵਾ ਕਰਿਆ ਕਰੋ ।ਸਾਡੀ ਮਾਂ ਨੇ ਬਹੁਤ ਕਸ਼ਟ ਝੱਲ ਕੇ ਸਾਨੂੰ ਪਾਲਿਆ ਹੈ ।ਹੁਣ ਉਹਦਾ ਵੇਲਾ ਹੈ ਸੁੱਖ ਮਾਨਣ ਦਾ ।ਮੁਲਖੇ ਤੋਂ ਗੱਲ ਸੁਣ ਕੇ ਰਿਹਾ ਨਾ ਗਿਆ । ਭਾਵੁਕ ਹੋ ਬੋਲਿਆ ਭਾਗਵਾਨੇ ਫਿਰ ਉਹ ਕੌਣ ਹੈ ,ਜਿਹੜੀ ਬੁੱਢੇਵਾਰੇ ਬਿਰਧ ਆਸ਼ਰਮ ਵਿੱਚ ਆਪਣੇ ਸਾਰੇ ਅਰਮਾਨਾਂ ਦਾ ਗਲਾ ਘੁੱਟ ਕੇ ਜਿੰਦਗੀ ਤੇ ਮੌਤ ਵਿੱਚ ਜੰਗ ਲੜ ਰਹੀ ਹੈ ।

# ਬਹੁਪੱਖੀ ਗੀਤਕਾਰ ਹੈ ਮਾਝੇ ਦੀ ਧਰਤੀ ਦਾ ਜੰਮਪਲ ਚਰਨ ਲਿਖਾਰੀ



ਚਰਨ ਲਿਖਾਰੀ ਪੰਜਾਬ ਦਾ ਬਹੁਪੱਖੀ ਗੀਤਕਾਰ ਹੈ ਉਸ ਦਾ ਨਾਂ ਕਿਸੇ ਵੀ ਇਨਸਾਨ ਦੀ ਜੁਬਾਨ ਤੇ ਆਉਂਦਿਆਂ ਹੀ ਅੱਖਾਂ ਮੂਹਰੇ ਇੱਕ ਫਕੀਰ ਵਿਅਕਤੀ ਦੀ ਸ਼ਖਸੀਅਤਾਂ ਆਪਣੇ ਆਪ ਝਲਕਣ ਲੱਗਦੀ ਹੈ । ਕਿਉਂਕਿ ਚਰਨ ਲਿਖਾਰੀ ਨੇ ਆਪਣਾ ਚਿਹਰਾ ਮੋਹਰਾ ਅਜਿਹਾ ਬਣਾਇਆ ਹੈ ਕਿ ਉਸਨੇ ਫੁਕਰਾਪੰਥੀ ਤੋਂ ਕੋਹਾਂ ਦੂਰ ਰਹਿੰਦਿਆਂ ਆਪਣੇ ਆਪ ਨੂੰ ਸਾਦਗੀ ਵਿੱਚ ਢਾਲ ਲਿਆ ਹੈ। ਜ਼ਿਲਾ ਤਰਨ ਤਾਰਨ ਦੇ ਪਿੰਡ ਮੰਨਣ ਵਿੱਚ ਪੈਦਾ ਹੋ ਕੇ ਚਰਨ ਨੇ ਬਹੁਤ ਕੁਝ ਅਜਿਹਾ ਰਚ ਦਿੱਤਾ ਜਿਸ ਨੂੰ ਸੁਣ ਕੇ ਕਿਸੇ ਵੀ ਇਨਸਾਨ ਦੀ ਰੂਹ ਗਦਗਦ ਹੋ ਉੱਠੇ । ਬਿਨਾਂ ਸਕ ਚਰਨ ਨੂੰ ਉਸ ਦਾ ਨਾਂ ਚਰਨ ਲਿਖਾਰੀ ਪ੍ਰਸਿੱਧ ਪੰਜਾਬੀ ਗਾਇਕ ਕਮਲ ਹੀਰ ਨੇ ਦਿੱਤਾ ਹੈ । ਚਰਨ ਲਿਖਾਰੀ ਵਰਗੀਆਂ ਸ਼ਖਸੀਅਤਾਂ ਬਹੁਤ ਘੱਟ ਤੁਹਾਨੂੰ ਮਿਲਦੀਆਂ ਹਨ । ਆਪਣੇ ਆਪ ਵਿੱਚ ਜੇਕਰ ਆਖ ਲਈਏ ਸਾਊ ਅਤੇ ਅਲੱਗ ਪਹਿਚਾਣ ਵਾਲੀ ਇਹ ਅੱਡਰੀ ਸ਼ਖਸੀਅਤ ਹੈ ।ਕਿਉਂਕਿ ਉਸ ਦਾ ਪਹਿਲਾ ਨਾਂ ਚਰਨ ਸਿੰਘ ਮੰਨਣ ਵਜੋਂ ਮਸ਼ਹੂਰ ਸੀ ਔਰ ਉਸ ਨੂੰ ਬਾਅਦ ਵਿੱਚ ਚਰਨ ਲਿਖਾਰੀ ਦੇ ਨਾਂ ਨਾਲ ਪ੍ਰਸਿੱਧ ਕਮਲ ਹੀਰ ਨੇ ਕੀਤਾ ਹੈ । ਇਹ ਵੀ ਇੱਕ ਅਨੋਖਾ ਸੱਚ ਹੈ ਔਰ ਚਰਨਾਂ ਲਿਖਾਰੀ ਆਪਣੇ ਆਪ ਵਿੱਚ ਇਹ ਗੱਲ ਫਖਰ ਨਾਲ ਕਹਿੰਦਾ ਵੀ ਹੈ ਜੇਕਰ ਚਰਨ ਦੇ ਗੀਤਾਂ ਦੀ ਗੱਲ ਕਰੀਏ ਤਾਂ ਲਾਹੌਰ ਗੁਰੂ ਗੋਬਿੰਦ ਸਿੰਘ ਤੋਂ ਇਲਾਵਾ ਹਰੀ ਸਿੰਘ ਨਲੂਏ ਦੀ ਵਾਰ ਸਣੇ ਬਹੁਤ ਸਾਰੇ ਗੀਤ ਅਜਿਹੇ ਹਨ ਜੋ ਚਰਨ ਦੀ ਕਲਮ ਤੋਂ ਨਿਕਲੇ ਹਨ ਮਾਝੇ ਦੀ ਧਰਤੀ ਦਾ ਇਹ ਨੌਜਵਾਨ ਅੱਜ ਵੀ ਸਾਦਗੀ ਭਰਪੂਰ ਹੈ ਉਸ ਦੇ ਗੀਤਾਂ ਦਾ ਜ਼ਿਕਰ ਕਰਨਾ ਹੋਵੇ ਤਾਂ ਉਸ ਦੇ ਗੀਤਾਂ ਵਿੱਚ ਹੀਰ ਹੈ ਅਤੇ ਰਾਂਝੇ ਦੀ ਕਲੀ ਉਸਨੇ ਬਾਹ ਕਮਾਲ ਲਿਖੀ ਹੈ । ਪੰਜਾਬ ਦੇ ਬਹੁਤ ਸਾਰੇ ਗੀਤਕਾਰਾਂਨੇ ਗੀਤ ਲਿਖੇ ਹਨ ਪਰ ਇਸ ਨੌਜਵਾਨ ਦੀ ਅਲੱਗ ਵਿਲੱਖਣ ਪਹਿਚਾਣ ਹੈ ।

ਚਰਨ ਨੇ ਗੀਤਾਂ ਵਿੱਚ ਮੁਹੱਬਤ ਦੀ ਬਾਤ ਵੀ ਬਹੁਤ ਪੱਕੀ ਪਾਈ ਹੈ ਉਸਨੇ ਕਦੇ ਵੀ ਆਪਣੇ ਗੀਤਾਂ ਵਿੱਚ ਅਸਲੀਲਤਾ ਨੂੰ ਨਹੀਂ ਝਲਕਣ ਦਿੱਤਾ। ਚਰਨ ਲਿਖਾਰੀ ਨੇ ਜਦ ਪੰਜਾਬ ਦੇ ਮੁੱਦਿਆਂ ਦੀ ਗੱਲ ਕੀਤੀ ਹੈ ਤਾਂ ਮੈਂ ਪੰਜਾਬ ਬੋਲਦਾ ਹਾਂ ਵਰਗੇ ਗੀਤ ਲਿਖ ਕੇ ਉਸ ਨੇ ਕਮਾਲ ਕਰ ਦਿੱਤਾ ਹੈ ਉਹ ਪੰਜਾਬ ਦੇ ਵੱਡੇ ਕਲਾਕਾਰਾਂ ਵਿੱਚ ਸੁਮਾਰ ਹੋ ਚੁੱਕਿਆ ਹੈ । ਚਰਨ ਲਿਖਾਰੀ ਅੱਜ ਆਪਣੇ ਪਿੰਡ ਰਹਿ ਕੇ ਜ਼ਿੰਦਗੀ ਦੀਆਂ ਮੱਲਾਂ ਮਾਰ ਰਿਹਾ ਹੈ । ਪੰਜਾਬ ਦੇ ਵੱਡੇ ਕਲਾਕਾਰਾਂ ਨੇ ਉਸ ਦੇ ਗੀਤ ਗਾਏ ਹਨ । ਮਨਮੋਹਣ ਵਾਰਸ ਤੋਂ ਲੈ ਕੇ ਰਣਜੀਤ ਬਾਵਾ, ਸਰਦੂਲ ਸਿਕੰਦਰ ,ਹੰਸ ਰਾਜ ਹੰਸ, ਸਣੇ ਕਮਲ ਹੀਰ ਸਣੇ ਵੱਡੇ ਵੱਡੇ ਕਲਾਕਾਰਾਂ ਨੇ ਚਰਨ ਦੇ ਗੀਤਾਂ ਨੂੰ ਆਵਾਜ਼ ਦੇ ਕੇ ਮਾਣ ਮਹਿਸੂਸ ਕੀਤਾ ਹੈ । ਗੀਤ ਭਾਵੇਂ ਬਹੁਤ ਗੀਤਕਾਰਾਂ ਨੇ ਲਿਖੇ ਪਰ ਚਰਨ ਵਰਗੇ ਕੋਈ ਨਹੀਂ ਲਿਖ ਸਕਿਆ ਇਹ ਵੀ ਕੌੜਾ ਸੱਚ ਹੈ ।

ਜੇਕਰ ਪੰਜਾਬੀ ਗੀਤਕਾਰੀ ਦੀ ਗੱਲ ਕਰੀਏ ਤਾਂ ਚਰਨ ਆਖਦਾ ਹੈ ਕਿ ਗੀਤਾ ਵਿੱਚ ਅਸ਼ਲੀਲ ਤਾਂ ਕੋਈ ਗੀਤਕਾਰ ਨਹੀਂ ਲਿਖਦਾ ਇਹ ਤਾਂ ਆਪੋ ਆਪਣੀ ਸੋਚ ਹੁੰਦੀ ਹੈ । ਇੱਥੇ ਚਰਨ ਦਾ ਮੰਨਣਾ ਹੈ ਕਿ ਪੰਜਾਬੀ ਗੀਤਾਂ ਵਿੱਚ ਜੇਕਰ ਅਸ਼ਲੀਲਤਾ ਆਈ ਹੈ ਤਾਂ ਉਹ ਸਾਡੇ ਲੋਕਾਂ ਦਾ ਆਪਣਾ ਪੱਖ ਹੈ ਭਾਵੇਂ ਕਿ ਇੱਥੇ ਬਹੁਤ ਸਾਰੀਆਂ ਰਾਹਵਾਂ ਵੱਖੋ ਵੱਖਰੀਆਂ ਹਨ ਪਰ ਚਰਨ ਦੀ ਗੀਤਕਾਰੀ ਬਹੁ ਪੱਖੀ ਹੈ ਇਸ ਦੀ ਸਿਫਤ ਕਰਨੀ ਬਣਦੀ ਹੈ ।

ਸ਼ਿੰਦਰ ਸਿੰਘ ਮੀਰਪੁਰੀ
5592850841

ਚਰਨ ਦੀ ਸ਼ਖਸੀਅਤ ਇੰਨੀ ਉੱਚੀ ਹੈ ਕਿ ਉਹ ਬਹੁਤ ਵਾਰ ਕਿਸੇ ਦੇ ਨਾਲ ਅੱਖਾਂ ਵਿਚ ਅੱਖਾਂ ਪਾ ਕੇ ਵੀ ਗੱਲ ਨਹੀਂ ਕਰ ਸਕਦਾ ਉਹ ਸਾਦਗੀ ਭਰਪੂਰ ਇਨਸਾਨ ਹੈ । ਮਾਲਕ ਮਿਹਰ ਕਰੇ ਪੰਜਾਬੀ ਮਾਂ ਬੋਲੀ ਦਾ ਇਹ ਸਰਵਣ ਪੁੱਤ ਇਸੇ ਤਰ੍ਹਾਂ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਕੇ ਚੰਗੇ ਗੀਤ ਲਿਖਦਾ ਰਹੇ ਇਹੀ ਸਾਡੀ ਕਾਮਨਾ ਹੈ ।



# ਪ੍ਰੀਤ ਫੁਲਵਾੜੀ

## ਭੈਣੇ ਲੈਕੇ ਨਾ ਆਈ ਤੂੰ ਰੱਖੜੀ [ਗੀਤ]

ਸਾਰਾ ਦਿਨ ਰਿਹਾ ਉਡੀਕਦਾ ,ਭੈਣੇ ਲੈਕੇ ਨਾ ਆਈ ਤੂੰ ਰੱਖੜੀ
ਭਤੀਜੇ ਤੇਰੇ ਮੈਨੂੰ ਪੁੱਛ ਦੇ ,ਸਾਡੀ ਭੂਆ ਨਾ ਕਿਉਂ ਅੱਜ ਅੱਪੜੀ
ਸਾਰਾ ਦਿਨ ਰਿਹਾ ਉਡੀਕਦਾ।..................................
ਹੋਇਆ ਕੀ ਜੇ ਭੈਣੇ ਮਾਪੇ , ਸਾਨੂੰ ਛੱਡ ਚਲੇ ਗਏ ਨੇ ਜਹਾਨ ਤੋਂ
ਉਹ ਵੀ ਤਾਂ ਤੁਹਾਡੇ ਲਈ ,ਲੀੜੇ ਲੱਤੇ ਲੈਕੇ ਦਿੰਦੇ ਸੀ ਦੁਕਾਨ ਤੋਂ
ਸੁੱਖ ਮੰਗ ਰਹਿਣ ਵਸਦੇ ਪੇਕੇ ਤੇਰੇ, ਜਿੱਦ ਬੈਠੀ ਕਿਹੜੀ ਪੱਕੜੀ ,
ਸਾਰਾ ਦਿਨ ਰਿਹਾ ਉਡੀਕਦਾ।..................................
ਚਾਅ ਕਰੇ ਭਾਬੀ ਤੇਰੀ ,ਕਹਿੰਦੀ ਰੱਖੜੀ ਤੇ ਆਉਣਾ ਏ ਨਨਾਣ ਨੇ
ਸੋਹਣੀ ਕਰਾਂਗੇ ਸੇਵਾ ਤੇ ਅਸੀਂ ਪਕਾਉਣੇ ਤਰਾਂ ਤਰਾਂ ਦੇ ਪਕਵਾਨ ਨੇ
ਜਿੰਦ ਫਸ ਗਈ ਨਿਮਾਣੀ ਭੈਣੇ ,ਜਿਵੇ ਫਸ ਜਾਂਦੀ ਜਾਲ ਵਿੱਚ ਮੱਕੜੀ
ਸਾਰਾ ਦਿਨ ਰਿਹਾ ਉਡੀਕਦਾ।..................................
ਯਾਦ ਕਰ ਆਪਾਂ ਨਿੱਕੇ ਹੁੰਦੇ , ਆਪਸ ਵਿੱਚ ਕਈ ਵਾਰ ਲੜ ਪੈਂਦੇ ਸੀ
ਬੱਸ ਥੋੜ੍ਹੀ ਚਿਰ ਬਾਅਦ ਆਪਾਂ ਇੱਕ ਦੂਜੇ ਦੇ ਮੋਢੇ ਉਤੇ ਚੜ ਬਹਿੰਦੇ ਸੀ
ਹੁਣ ਲੜੇ ਨਾ ਲੜ੍ਹਾਏ ਫਿਰ ਕਿਹੜੀ ਗੱਲੋ ਦੱਸ ਫੜੀ ਬੈਠੀ ਹੱਥ ਤੱਕੜੀ
ਸਾਰਾ ਦਿਨ ਰਿਹਾ ਉਡੀਕਦਾ।..................................
ਜੇ ਨੇ ਤੂੰ ਆਈ ਅੱਜ ਭੈਣੇ ,ਮੈਨੂੰ ਤਾਹਨੇ ਮਿਹਣੇ ਸਰੀਕੇ ਵਾਲੇ ਦੇਣਗੇ
ਕੋਈ ਆਖੂ ਤੈਨੂੰ ਮਾੜੀ ਕੋਈ ਮੈਨੂੰ ਮਾੜਾ ,ਗੱਲਾਂ ਵੱਖ ਵੱਖ ਕਹਿਣਗੇ
ਜਸਵਿੰਦਰ ਦੇ ਧਾਗਾ ਬੰਨ ਖੁਸ ਕਰਦੇ ਤੂੰ ਅੱਜ ਗਲ ਪਾਕੇ ਗਲਵੱਕੜੀ
ਸਾਰਾ ਦਿਨ ਰਿਹਾ ਉਡੀਕਦਾ।..................................
ਸਾਰਾ ਦਿਨ ਰਿਹਾ ਉਡੀਕਦਾ ,ਭੈਣੇ ਲੈਕੇ ਨਾ ਆਈ ਤੂੰ ਰੱਖੜੀ
ਭਤੀਜੇ ਤੇਰੇ ਮੈਨੂੰ ਪੁੱਛ ਦੇ ,ਸਾਡੀ ਭੂਆ ਨਾ ਕਿਉਂ ਅੱਜ ਅੱਪੜੀ
ਸਾਰਾ ਦਿਨ ਰਿਹਾ ਉਡੀਕਦਾ।..................................

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ** 7589155501

## ਰਿਸ਼ਤੇ

ਅੜਬ ਸੁਭਾਅ ਤੇ ਆਕੜਾ ਨਾਲ ਰਿਸ਼ਤੇ ਨਿਭਦੇ ਨਾ
ਤੇ ਹੱਕ ਮਿਲਦੇ ਨਹੀਂ ਕਦੇ ਵੀ ਹੱਥ ਬੰਨਿਆ ਤੋਂ ।
ਕੋਕ ਫੈਂਟਿਆ ਚ ਕਿੱਥੋਂ ਸੱਜਣਾਂ ਭਾਲਦਾ ਤਾਕਤਾਂ ਨੂੰ
ਕਿਉਂ ਪੰਜਾਬੀ ਦੂਰ ਹੋ ਗਏ ਦੁੱਧ ਘਿਓ ਦਿਆਂ ਛੰਨਿਆਂ ਤੋਂ ।
ਬਰਗਰ ਪੀਜੇ ਖਾਂ ਐਵੇਂ ਵਾਧੂ ਹਾਜ਼ਮਾ ਖਰਾਬ ਕੀਤਾ
ਚੂਪ ਕੇ ਵੇਖ ਬੇਲੀ ਬੜਾ ਸੁਆਦ ਹੁੰਦਾ ਕਮਾਦ ਦੇ ਗੰਨਿਆ ਚੋ।
ਦਿਲਾਂ ਨੂੰ ਦਿਲਾਂ ਦੀ ਸਾਂਝ ਹੁੰਦੀ ਅੱਖ ਨੂੰ ਅੱਖ ਦੀ ਰਮਜ
ਪਛਾਣ ਹੋਵੇ ਫੇਰ ਗੱਲ ਬਣਦੀ ਏ ਗੱਲ ਮੰਨਿਆ ਤੋਂ
ਭੀੜ ਪੈਣ ਤੇ ਆਪਣੇ ਵੀ ਪਾਸਾ ਵੱਟ ਜਾਂਦੇ ਉਹੀ ਆਪਣੇ ਨੇ
ਨੰਗੇ ਪੈਰੀਂ ਜੋ ਭੱਜੇ ਆਉਂਦੇ ਇੱਕ ਸੁਨੇਹਾ ਘੱਲਿਆ ਤੋਂ।
ਬਿਨਾਂ ਹਿੰਮਤ ਕੀਤਿਆ ਨਿੱਕਾ ਜਿਹਾ ਪੰਧ ਵੀ ਦੂਰ ਜਾਪੇ
ਆਖਰ ਵਾਟਾ ਮੁੱਕ ਜਾਣ ਕਦਮਾਂ ਨਾਲ ਕਦਮ ਮਿਲਾ ਕੇ ਚੱਲਿਆ ਤੋਂ।
ਚਲਦਿਆਂ ਨੂੰ ਅਤੇ ਚੜਦਿਆਂ ਨੂੰ ਸੰਧੂਆ ਹੋਣ ਸਲਾਮਾਂ
ਬੁਰਜ ਵਾਲਿਆਂ ਪਾਣੀ ਵੀ ਮੁਸ਼ਕ ਜਾਵੇ ਇੱਕ ਥਾਂ ਤੇ ਠੱਲਿਆ ਤੋਂ।

**ਬਲਤੇਜ ਸੰਧੂ"ਬੁਰਜ ਲੱਧਾ"** 9465818158

## 'ਪੂਜਾਰੀ ਡੇਰਿਆਂ ਦੇ'

'ਪੂਜਾਰੀ' ਡੇਰਿਆਂ ਦੇ 'ਗੁਰੂ' ਦੇ ਸ਼ਰੀਕ ਬਣ ਗਏ
ਸੰਤ ਸਤਿਗੁਰੂ ਸੇਵਕਾਂ ਤੋਂ ਅਖਵਾਉਣ ਲੱਗ ਪਏ।
'ਗੁਰੂ' ਦੇ ਨਾਮ ਨਾਲ ਤਾਂ ਲੱਗੀ ਨਾ ਕੋਈ ਡਿਗਰੀ,
ਇਹ ਆਪਣੇ ਨਾਮ ਨਾਲ 108 ਲਾਉਣ ਲੱਗ ਪਏ।
ਗੁਰੂ ਸਾਡਾ ਨਹੀਂ ਸੀ ਕੋਈ ਕਰਮਕਾਂਡ ਕਰਦਾ,
ਇਹ ਕਰਮਕਾਂਡ ਕਰਨ ਕਰਾਉਣ ਲੱਗ ਪਏ।
'ਮੇਜਰ' ਬਚਕੇ ਰਹੋ ਤੁਸੀਂ ਇਹਨਾਂ ਡੇਰਿਆਂ ਤੋਂ,
ਇਹ ਮੜੀਆਂ ਪੂਜਣ ਤੇ ਪੁਜਵਾਉਣ ਲਗ ਪਏ।

**ਮੇਜਰ ਸਿੰਘ 'ਬੁਢਲਾਡਾ'**
94176 42327

## ਤੂੰ ਕੀ ਜਾਣੇ !!

ਖ਼ਮੋਸ਼ ਜਜ਼ਬਾਤਾਂ ਵਿੱਚ ਕੀ ਹੈ ਛੁਪਿਆ
ਤੂੰ ਕੀ ਜਾਣੇ
ਨਿੱਤ ਵਿਉਂਤਾਂ ਦਾ ਬਣਨਾ ਤੇ ਮਿਟ ਜਾਣਾ
ਤੂੰ ਕੀ ਜਾਣੇ
ਹਨੇਰਿਆਂ ਦੀ ਚਾਦਰ ਵਿੱਚ ਦਮ ਘੁਟ ਜਾਣਾ
ਤੂੰ ਕੀ ਜਾਣੇ
ਕਦਮਾਂ ਦਾ ਉਠਣਾ, ਫਿਰ ਰੁਕ ਜਾਣਾ
ਤੂੰ ਕੀ ਜਾਣੇ
ਦਿਲ ਦੀ ਧੜਕਣ ਦਾ ਬੇਵਸ ਹੋ ਜਾਣਾ
ਤੂੰ ਕੀ ਜਾਣੇ
ਮਹਿਬੂਬ ਦਾ ਸਾਹਾਂ @ਚ ਵਸ ਜਾਣਾ
ਤੂੰ ਕੀ ਜਾਣੇ
ਨਦੀ ਕਿਨਾਰੇ ਬਹਿ ਪਿਆਸੇ ਮਰ ਜਾਣਾ
ਤੂੰ ਕੀ ਜਾਣੇ
ਬੁਣੇ ਸੁਪਨਿਆਂ ਦਾ ਖਿਲਰ ਜਾਣਾ
ਤੂੰ ਕੀ ਜਾਣੇ
ਇੱਕ ਮੁਸਕਾਨ ਦੀ ਖ਼ਾਤਰ ਦਿਲ ਨੂੰ ਫਿਰ ਸਮਝਾਣਾ
ਤੂੰ ਕੀ ਜਾਣੇ
ਅਹਿਸਾਸ ਦੂਰ ਧਰਤ ਅਕਾਸ਼ ਦਾ ਮਿਲਣਾ
ਸਕੂਨ ਇਹ ਅਹਿਸਾਸ ਦਾ
ਤੂੰ ਕੀ ਜਾਣੇ
ਸੀਨੇ ਉਠਦੀਆਂ ਚੀਸਾਂ ਦੀ
ਕੋਈ ਦਵਾ ਨਾ ਮਿਲਣਾ
ਤੂੰ ਕੀ ਜਾਣੇ
ਬਿਹਬਲ ਦਿਲ ਦੀ ਤੜਫ਼,
ਇੱਕ ਬਿਹਬਲ ਦਿਲ ਹੀ ਜਾਣੇ
ਤੂੰ ਕੀ ਜਾਣੇ
ਓਜਲ ਹੁੰਦਿਆਂ ਜਿਉਂ ਦੁਨੀਆਂ ਦਾ ਮਿਟ ਜਾਣਾ
ਤੂੰ ਕੀ ਜਾਣੇ
ਜਿਸਮਾਂ ਤੋਂ ਅੱਗੇ ਰੂਹਾਂ ਦਾ ਮਿਲ ਜਾਣਾ
ਤੂੰ ਕੀ ਜਾਣੇ

**ਲਾਭ ਸਿੰਘ ਸ਼ੇਰਗਿੱਲ, ਬਡਰੁੱਖਾਂ (ਸੰਗਰੂਰ)**
86995 35708

## ਬਚਪਨ ਦੇ ਦਿਨ

ਬੇਬੇ ਨੇ ਜਦ ਭੇਜਣਾ ਸੋਦਾ ਲੈਣ ਹੱਟੀ ਤੋਂ,
ਪੈਸਿਆਂ ਦੇ ਵਿੱਚੋਂ ਅਸੀਂ ਪੈਸੇ ਰੱਖ ਲੈਂਦੇ ਸੀ।
ਉਹਨਾਂ ਦੀ ਲੈਣੀ ਇਮਲੀ ਮਰੂੰਡਾ ਜਾਂ,
ਨਾਲੇ ਲੈ ਰੂੰਗਾਂ, ਖਾਣ ਰਾਹ ਵਿੱਚ ਬਹਿੰਦੇ ਸੀ।
ਝੱਗੇ ਨਾਲ ਮੂੰਹ ਪੂੰਝ ਘਰੇ ਆ ਵੜਨਾ,
ਹੱਟ ਤੇ ਸੀ ਭੀੜ ਘਰਦਿਆਂ ਨੂੰ ਕਹਿੰਦੇ ਸੀ।
ਕੋਈ ਨਾ ਕੋਈ ਬਹਾਨਾ ਉਦੋਂ ਅਸੀਂ ਲੱਭ ਲੈਣਾ,
ਪੈਣੀਆਂ ਜਦ ਗਾਲਾਂ ਉਹ ਵੀ ਫਿਰ ਸਹਿੰਦੇ ਸੀ।
ਕਦੋਂ ਬੇਬੇ ਭੇਜੇ ਸਾਨੂੰ ਸੋਦਾ ਲੈਣ ਹੱਟੀ ਤੋਂ,
ਇਹੀ ਸਾਰੀ ਦਿਹਾੜੀ ,ਪੱਤੋ, ਸੋਚਦੇ ਈ ਰਹਿੰਦੇ ਸੀ।
ਬਚਪਨ ਦੇ ਦਿਨ ਬੜੇ ਸੀ ਨਰਾਲੇ ਯਾਰੋ,
ਰੁੱਸ ਜਾਣਾ ਜਦ, ਫਿਰ ਕੰਧਾਂ ਨਾਲ ਖਹਿੰਦੇ ਸੀ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਕਿੱਥੇ ?

ਕਿੱਥੇ ਚੂਰੀ ਕਿੱਥੇ ਛੰਨੇ ਨੇ
ਇੱਥੇ ਅੱਖਾਂ ਵਾਲੇ ਅੰਨ੍ਹੇ ਨੇ
ਬਚੀ ਤੂੰ ਮੂੰਹ ਦੇ ਮਿੱਠੇ ਤੋਂ
ਇੱਥੇ ਜ਼ਹਿਰੀਲੇ ਗੰਨ੍ਹੇ ਨੇ
ਸੀਨੇ ਚ ਚੁੱਭੇ ਚਿੱਬ ਸਾਰੇ
ਭਾਂਡੇ ਚਾਅਵਾਂ ਨੇ ਭੰਨ੍ਹੇ ਨੇ
ਬੋਲੀ ਨੈਣਾਂ ਦੀ ਕੀ ਦੱਸਾਂ
ਨੁਕਤੇ ਨਾ ਕਿਤੇ ਕੰਨੇ ਨੇ
ਰੂਪ ਕੱਖਾਂ ਦਾ ਸੱਪਾਂ ਜੇਹਾ
ਮੈ ਕਿੰਨੇ ਕੁੱਲੜੇ ਛੰਨੇ ਨੇ
ਵਲ਼ ਮਨ ਚ ਕਾਇਮ ਏ
ਮੈ ਪੀਰ ਔਲ੍ਹੀਏ ਮੰਨੇ ਨੇ
ਕਈ ਖਸਮ ਤੋਰੇ ਇਹਨੇ
ਉੱਥੇ ਪੈਲ਼ੀ ਉੱਥੇ ਬੰਨੇ ਨੇ
ਚੰਦਨ ਪੀੜਾਂ ਨੂੰ ਲਿਖਦੈ
ਭਾਵੇਂ ਕੋਰੇ ਸਾਰੇ ਪੰਨੇ ਨੇ

**ਚੰਦਨ ਹਾਜੀਪੁਰੀਆ**
**pchauhan5572@gmail.com**

## ਕਦੇ ਕਦੇ/ਕਵਿਤਾ

ਕਦੇ ਕਦੇ
ਮੇਰਾ ਦਿਲ ਕਰਦਾ ਹੈ
ਤੇਰੇ ਲਈ
ਕੁੱਝ ਲਿਖਣ ਨੂੰ।
ਪਰ ਜਦ ਤੇਰੇ ਲਈ
ਕੁੱਝ ਲਿਖਣ ਲੱਗਦਾ ਹਾਂ
ਤੇਰੇ ਕਹੇ ਬੋਲ
÷ ਤੇਰੀਆਂ ਕਵਿਤਾਵਾਂ
ਮੈਨੂੰ ਖਰੀਦ ਨਹੀਂ ਸਕਦੀਆਂ।÷
ਮੇਰੀ ਕਲਮ ਦਾ ਰਾਹ
ਰੋਕ ਲੈਂਦੇ ਹਨ
ਤੇ ਮੈਂ ਬੇਵੱਸ ਹੋ ਜਾਂਦਾ ਹਾਂ
ਤੇਰੇ ਲਈ
ਕੁੱਝ ਨਾ ਲਿਖਣ ਲਈ।

**ਮਹਿੰਦਰ ਸਿੰਘ ਮਾਨ**
**ਨਵਾਂ ਸ਼ਹਿਰ**

## ਤੇਰਵਾਂ ਰਤਨ

ਸਾਡੇ ਬਜ਼ੁਰਗ ਦੁੱਧ ਨੂੰ ਤੇਰਵਾਂ ਰਤਨ ਕਹਿੰਦੇ ਸਨ,
ਉਹ ਪੀ ਕੇ ਮੱਝਾਂ ਦਾ ਦੁੱਧ ਤੰਦਰੁਸਤ ਰਹਿੰਦੇ ਸਨ।
ਉਹ ਖੇਤਾਂ @ਚ ਚੋਖਾ ਕੰਮ ਕਰਕੇ ਵੀ ਥੱਕਦੇ ਨਹੀਂ ਸਨ,
ਉਹ ਮਰਦੇ ਦਮ ਤੱਕ ਵੀ ਮੰਜਿਆਂ ਤੇ ਪੈਂਦੇ ਨਹੀਂ ਸਨ।
ਪਰ ਹੁਣ ਮੱਝਾਂ ਰੱਖਣੀਆਂ ਛੱਡ ਦਿੱਤੀਆਂ ਨੇ ਲੋਕਾਂ ਨੇ,
ਦੋਧੀਆਂ ਤੋਂ ਦੁੱਧ ਲੈਣਾ ਸੌਖਾ ਸਮਝਿਆ ਹੈ ਲੋਕਾਂ ਨੇ।
ਦੁੱਧ ਘੱਟ ਹੋਣ ਕਾਰਨ ਉਹ ਮਿਲਾਵਟ ਕਰੀ ਜਾਂਦੇ,
ਉਹ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰੀ ਜਾਂਦੇ।
ਉਹ ਹਰ ਸਾਲ ਦੁੱਧ ਦਾ ਭਾਅ ਵਧਾਈ ਜਾਂਦੇ ਨੇ,
ਮਿਲਾਵਟੀ ਦੁੱਧ ਨਾਲ ਲੋਕਾਂ ਨੂੰ ਮੌਤ ਦਿਖਾਈ ਜਾਂਦੇ ਨੇ।
ਦੋਧੀ ਵੀਰੋ, ਤੁਸੀਂ ਸਾਡੇ ਸਮਾਜ ਦੀ ਹੀ ਹਿੱਸਾ ਹੋ,
ਲਾਲਚੀਆਂ ਦਾ ਸਦਾ ਨੁਕਸਾਨ ਹੋਵੇ,ਲਾਲਚ ਨਾ ਕਰੋ।
@ਮਾਨ@ ਤੰਦਰੁਸਤ ਰਹਿਣ ਦਾ ਮੌਕਾ ਨਾ ਖੋਹੋ ਲੋਕਾਂ ਤੋਂ,
ਚੰਗੇ ਨਾਗਰਿਕ ਬਣ ਕੇ ਅਸੀਸਾਂ ਲਉ ਲੋਕਾਂ ਤੋਂ।

**ਮਹਿੰਦਰ ਸਿੰਘ ਮਾਨ**
**ਫੋਨ** 9915803554

## ਚੰਮ ਦੇ ਵਿੱਚ ਪਲਣ ਵਾਲਾ

ਚੰਮ ਦੇ ਵਿੱਚ ਪਲਣ ਵਾਲਾ ਹਰ ਕੋਈ,
ਜਦ ਆਉਂਦਾ ਹੈ ਚੰਮ ਚੋਂ ਬਾਹਰ ਯਾਰੋ।
ਪਹਿਲਾਂ ਚੰਮ ਨੂੰ ਮੂੰਹ ਵਿੱਚ ਪਾਂਵਦਾ ਏ,
ਚੰਮ, ਚੰਮ ਨੂੰ ਕਰੇ ਪਿਆਰ ਯਾਰੋ।
ਚੰਮ ਰਿਸ਼ਤੇ ਨਾਤੇ ਚੰਮ ਦੇ ਨਾਲ ਜੋੜੇ,
ਹੱਸੇ ਖੇਡੇ ਚੰਮਾਂ ਵਿਚਕਾਰ ਯਾਰੋ।
ਚੰਮ, ਚੰਮ ਤੇ ਹੁਕਮ ਚਲਾਂਵਦਾ ਏ,
ਕਿਤੇ ਇਹ ਚੰਮ ਦਾ ਤਾਬਿਆ ਦਾਰ ਯਾਰੋ।
ਚੰਮ ਦਾ ਚੰਮ ਦੇ ਨਾਲ ਵਿਆਹ ਹੁੰਦਾ,
ਸਾਰਾ ਚੰਮ ਦਾ ਬਣੇ ਪਰਿਵਾਰ ਯਾਰੋ।
ਚੰਮ, ਚੰਮ ਨੂੰ ਦੇਵੇ ਸਤਿਕਾਰ ਕਿਤੇ,
ਇਹ ਚੰਮ ਨੂੰ ਰਿਹਾ ਦੁਰਕਾਰ ਯਾਰੋ।
ਚੰਮ ਨੂੰ ਚੰਮ ਦਿੰਦਾ ਹੈ ਦਗ਼ਾ ਕਿਤੇ,
ਚੰਮ ਦਾ ਨਿਕਲੇ ਵਫ਼ਾਦਾਰ ਯਾਰੋ।
ਚੰਮ, ਚੰਮ ਦੀ ਜਾਨ ਵੀ ਲੈ ਲੈਂਦਾ,
ਦੇਵੇ ਜਾਨ ਵੀ ਇਸ ਤੋਂ ਵਾਰ ਯਾਰੋ।
ਚੰਮ, ਚੰਮ ਲ ?ਈ ਫਿਰੇ ਭੱਜਿਆ,
ਅੱਖੀਂ ਵੇਖ ਲਓ ਵਿੱਚ ਸੰਸਾਰ ਯਾਰੋ।

**ਮੇਜਰ ਸਿੰਘ ਬੁਢਲਾਡਾ**
94176 42327

## ਕਵਿਤਾ

ਸੁੱਕ ਚੱਲੇ ਹਾਂ , ਸੱਜਣਾ
ਤੇਰੇ ਇੰਤਜ਼ਾਰ ਵਿੱਚ ,
ਮਰ ਚੱਲੇ ਹਾਂ , ਸੱਜਣਾ
ਤੇਰੇ ਪਿਆਰ ਵਿੱਚ ।
ਨੈਣਾਂ ਲਾਈਆਂ ਝੜੀਆਂ ,
ਆ ਕੇ ਦੇਖ ਲੈ ,
ਕਾਤੋ ਕੀਤੀਆਂ ਅੜੀਆਂ ,
ਆ ਕੇ ਦੇਖ ਲੈ ,
ਆ ਗਏ ਹਾਂ , ਸੱਜਣਾ
ਬਿਰਹੋ ਦੀ ਮਾਰ ਵਿੱਚ ।
ਸੁੱਕ ਚੱਲੇ ...............
ਸਾਹਾਂ ਨੇ , ਹੋ ਜਾਣਾ
ਇੱਕ ਦਿਨ ਖਾਕ ਕੁੜੇ ,
ਫਿਰ ਭਾਲੇਗੀ , ਕਬਰਾਂ ਚੋ
ਇੱਕ ਦਿਨ ਰਾਖ ਕੁੜੇ ,
ਸਾਹਾਂ ਦੀ ਜਦ ਟੁੱਟਦੀ , ਸੱਜਣਾ
ਫਿਰ ਜੁੜਦੀ ਨਾ , ਤਾਰ ਵਿੱਚ ।
ਸੁੱਕ ਚੱਲੇ ..................
ਮੁੜਦੀ ਨਾ ਕਿਤੇ ,
ਲੰਘ ਗਈ , ਰੁੱਤ ਸੱਜਣਾ ,
ਓਨਾਂ ਚਿਰ ਹੈ , ਤੇਰਾ
ਜਿਨਾਂ ਚਿਰ ਸਾਹ ਵਿੱਚ , ਬੁੱਤ ਸੱਜਣਾ
ਸ਼ਿਵ ਮਹਿਕ ਨਾ ਰਹਿੰਦੀ ,
ਸੁੱਕੇ ਫੁੱਲਾਂ ਦੇ , ਹਾਰ ਵਿੱਚ ।
ਸੁੱਕ ਚੱਲੇ ..................

**ਸ਼ਿਵਨਾਥ ਦਰਦੀ**
**ਮੋਬ** :- 9855155392
**ਬਾਬਾ ਫਰੀਦ ਯੂਨੀਵਰਸਿਟੀ**
**ਆਫ ਹੈਲਥ ਸਾਇੰਸ਼ਜ ਫਰੀਦਕੋਟ ।**

## ਬੋਹੜ ਦੀ ਰੌਣਕ

ਬੋਹੜ ਦਾ ਰੁੱਖ ਬਹੁਤ ਸੀ ਭਾਰਾ
ਸੜਕ ਕਿਨਾਰੇ ਡਿੱਠਾ,
ਪੰਛੀ ਕਰਦੇ ਰੈਣ ਬਸੇਰਾ ਰਾਗ
ਅਲਾਪਣ ਮਿੱਠਾ।
ਚਿੜੀਆਂ ਚੀ ਚੀ ਕਾਵਾਂ ਕਾਂ ਕਾਂ
ਰਲ ਕੇ ਰੌਣਕ ਲਾਉਂਦੇ,
ਘੁੱਗੀਆਂ, ਮੋਰ, ਗਟਾਰਾਂ, ਤੋਤੇ
ਕਿੰਨੇ ਪੰਛੀ ਆਉਂਦੇ।
ਪਾਉਣ ਚੜਚੋਲਾ ਸ਼ਾਮ ਸਵੇਰੇ
ਬੜੇ ਪਿਆਰੇ ਲੱਗਣ,
ਪੱਤੇ ਵੀ ਰਲ ਸਾਜ਼ ਵਜਾਉਂਦੇ ਜਦ
ਆਪਸ ਵਿੱਚ ਵੱਜਣ।
ਪੀਲੇ, ਹਰੇ ਪੱਤੇ ਬੋਹੜ ਦੇ ਸਭ
ਨੂੰ ਲੱਗਣ ਚੰਗੇ,
ਚੜ੍ਹਦੇ ਸੂਰਜ ਦੀ ਲਾਲੀ ਪੈਂਦੀ
ਨਾਲ ਰੋਸ਼ਨੀ ਰੰਗੇ।
ਇੱਕ ਦਿਨ ਲ਼ੈ ਕੇ ਆਰੀਆਂ ਬੋਹੜ
ਨੂੰ ਕੀਤਾ ਟੋਟੇ ਟੋਟੇ,
ਸੈਂਕੜੇ ਪੰਛੀ ਬੇਘਰ ਹੋ ਗਏ ਉੱਡਗੇ
ਚਿੜੀਆਂ ਤੋਤੇ।
ਲੱਗੀ ਨਜ਼ਰ ਬੋਹੜ ਦੇ ਤਾਂਈ ਹੋਇਆ
ਸੁੰਨ ਸਵੇਰਾ,
ਰਾਹੀ ਪਾਂਧੀ, ਰੱਖ ਪਸ਼ੂਆਂ ਦੀ, ਪੱਤੋ,
ਕਿੱਥੇ ਕਰਨ ਬਸੇਰਾ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 368

Website: www.preetnama.com Email preetnamausa@gmail.com

28 AUGUST TO 03 SEPTEMBER, 2026


